# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ.ਐਡ.-1** **ਸਮੈਸਟਰ ਦੂਜਾ**

**ਪੇਪਰ : *XI* ਅਤੇ *XII* (ਟੀਚਿੰਗ ਆਫ ਪੰਜਾਬੀ)** **ਯੂਨਿਟ : 1**

**ਮੀਡੀਅਮ : ਪੰਜਾਬੀ**

**ਪਾਠ ਨੰ.**

1.1: ਮਾਤ ਭਾਸ਼ਾ ਦੀ ਪਾਠ ਪੁਸਤਕ
1.2: ਕਵਿਤਾ : ਉਦੇਸ਼ ਅਤੇ ਪ੍ਰਮੁੱਖ ਵਿਧੀਆਂ
1.3: ਵਾਰਤਕ : ਉਦੇਸ਼ ਅਤੇ ਪ੍ਰਮੁੱਖ ਵਿਧੀਆਂ
1.4: ਵਿਆਕਰਣ ਅਧਿਆਪਨ ਉਦੇਸ਼ ਅਤੇ ਪ੍ਰਮੁੱਖ ਵਿਧੀਆਂ
1.5: ਸਕੂਲ ਪੁਸਤਕਾਲਾ

***Department website : www.pbidde.org***

ਬੀ.ਐਡ.ਭਾਗ ਪਹਿਲਾ (ਸਮੈਸਟਰ ਪਹਿਲਾ) ਪੇਪਰ: XI & XII (Part-II)
ਟੀਚਿੰਗ ਆਫ ਪੰਜਾਬੀ

ਪਾਠ ਨੰ: 1.1 ਲੇਖਿਕਾ : ਡਾ. ਪੁਸ਼ਪਿੰਦਰ ਕੌਰ

# ਮਾਤ ਭਾਸ਼ਾ ਦੀ ਪਾਠ ਪੁਸਤਕ

1.1.0 ਬਣਤਰ
1.1.1 ਉਦੇਸ਼
1.1.2 ਜਾਣ-ਪਛਾਣ
1.1.3 ਮਾਤ ਭਾਸ਼ਾ ਦੀ ਪਾਠ ਪੁਸਤਕ ਦਾ ਅਰਥ
1.1.4 ਮਾਤ ਭਾਸ਼ਾ ਦੀ ਪਾਠ ਪੁਸਤਕ ਦਾ ਮਹੱਤਵ
1.1.5 ਚੰਗੀ ਪਾਠ ਪੁਸਤਕ ਦੇ ਗੁਣ
1.1.6 ਸਾਰ
1.1.7 ਅਭਿਆਸੀ ਪ੍ਰਸ਼ਨ
1.1.8 ਅਭਿਆਸੀ ਪੁਸਤਕਾਂ

**1.1.1 ਉਦੇਸ਼ :**

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਜਾਣਗੇ ਕਿ :

(1) ਮਾਤ ਭਾਸ਼ਾ ਦੀ ਪਾਠ ਪੁਸਤਕ ਤੋ ਕੀ ਭਾਵ ਹੈ?
(2) ਮਾਤ ਭਾਸ਼ਾ ਦੀਆਂ ਪਾਠ ਪੁਸਤਕਾਂ ਦਾ ਸਿੱਖਿਆ ਵਿੱਚ ਕੀ ਮਹੱਤਵ ਹੈ?
(3) ਚੰਗੀ ਪਾਠ ਪੁਸਤਕ ਵਿੱਚ ਕੀ ਗੁਣ ਹੋਣੇ ਚਾਹੀਦੇ ਹਨ?

**1.1.2 ਜਾਣ-ਪਛਾਣ :**

ਪੁਰਾਤਨ ਸਮੇਂ ਵਿਚ ਸਿੱਖਿਆ ਦੇ ਉਦੇਸ਼ ਅੱਜ ਦੇ ਸਮੇਂ ਨਾਲੋਂ ਬਿਲਕੁਲ ਵੱਖਰੇ ਸਨ। ਕੁਝ ਗਿਣਤੀ ਦੇ ਇਸਤਰੀਆਂ ਪੁਰਸ਼ ਹੀ ਸਿੱਖਿਆ ਲੈ ਸਕਦੇ ਸਨ ਅਤੇ ਉਨ੍ਹਾਂ ਦਾ ਪੱਧਰ ਵੀ ਲਿਖਣ ਪੜ੍ਹਨ ਤੱਕ ਹੀ ਸੀਮਿਤ ਹੁੰਦਾ ਸੀ। ਮੰਦਰ, ਮਸੀਤਾਂ ਤੇ ਗੁਰਦੁਆਰੇ ਸਿੱਖਿਆ ਦੇ ਕੇਂਦਰ ਹੁੰਦੇ ਸਨ ਤੇ ਸਿੱਖਿਆ ਦਾ ਘੇਰਾ ਧਾਰਮਿਕ ਪੁਸਤਕਾਂ ਪੜ੍ਹਨ ਤਕ ਹੀ ਸੀਮਤ ਹੁੰਦਾ ਸੀ। ਵੇਦਾਂ ਦੇ ਸਲੋਕ, ਕੁਰਾਨ ਸ਼ਰੀਫ ਦੀਆਂ ਆਇਤਾਂ, ਪੰਜ ਗ੍ਰੰਥੀ ਦਾ ਪਾਠ ਹੀ ਉਨ੍ਹਾਂ ਦਾ ਟੀਚਾ ਹੁੰਦਾ ਸੀ ਅਤੇ ਇਹੋ ਪਾਠ ਪੁਸਤਕਾਂ ਸਨ।

ਅੰਗ੍ਰੇਜ਼ਾਂ ਦੇ ਸਮੇਂ ਹਾਲਾਤ ਨੇ ਪਲਟਾ ਖਾਧਾ। ਹਾਕਮ ਕੌਮ ਨੇ ਆਪਣੀਆਂ ਪ੍ਰਬੰਧਕ ਲੋੜਾਂ ਨੂੰ ਮੁੱਖ ਰੱਖ ਕੇ ਸਿੱਖਿਆ ਦੇ ਨਵੇਂ ਪੂਰਨੇ ਪਾਏ। ਅੰਗ੍ਰੇਜ਼ੀ ਬੋਲੀ ਦਾ ਬੋਲਬਾਲਾ ਹੋ ਗਿਆ। ਪੰਜਾਬ ਦੀਆਂ ਪਾਠ-ਪੁਸਤਕਾਂ ਵਿਚ ਹਿੱਤੋਂ-ਉਪਦੇਸ਼ ਅਤੇ ਪੰਚ ਤੰਤਰ ਦੀਆਂ ਬੇਬੁਨਿਆਦੀ ਤੇ ਮਨਘੜਤਾਂ ਕਥਾਵਾਂ ਦਾ ਜ਼ੋਰ ਰਿਹਾ ਜਾਂ ਪੱਛਮੀ ਪਿਛੋਕੜ ਉੱਤੇ ਉਸਰੀ ਹੋਈ ਕਿਸੇ ਵੀ ਸਿੱਖਿਆ-ਦਾਇਕ ਕਹਾਣੀ ਨੂੰ ਪਾਠ ਪੁਸਤਕ ਵਿਚ ਸਥਾਨ ਮਿਲ ਜਾਂਦਾ ਸੀ।

ਪਾਠ-ਪੁਸਤਕ ਆਧੁਨਿਕ ਸਿੱਖਿਆ ਪ੍ਰਣਾਲੀ ਦਾ ਪ੍ਰਮੁੱਖ ਆਧਾਰ ਹੈ। ਵਿਦਿਆਰਥੀ ਨੂੰ ਆਪਣੇ ਗਿਆਨ ਦੇ ਵਿਕਾਸ ਲਈ ਪਾਠ-ਪੁਸਤਕਾਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਪਾਠ-ਪੁਸਤਕ ਭਾਸ਼ਾ ਦੇ ਸਾਰੇ ਅੰਗਾਂ ਨੂੰ ਪੜ੍ਹਾਉਣ ਦਾ ਕੇਂਦਰ ਹੈ। ਵਿਆਕਰਣ, ਰਚਨਾ, ਉਚਾਰਨ, ਬੋਲਚਾਲ ਆਦਿ ਸਿਖਾਉਣ ਲਈ ਪਾਠ-ਪੁਸਤਕ ਇਕ ਸਰਲ ਸਾਧਨ ਹੈ। ਪਾਠ-ਪੁਸਤਕਾਂ ਸਾਧਾਰਨ ਅਧਿਆਪਕ ਤੇ ਵਿਦਿਆਰਥੀਆਂ ਲਈ ਇਕ ਮਾਰਗ ਦਰਸ਼ਕ ਦਾ ਕੰਮ ਕਰਦੀਆਂ ਹਨ। ਇਸ ਨਾਲ ਇਕ ਸਮਾਨ ਪੱਧਰ ਦਾ ਨਿਰਮਾਣ ਹੁੰਦਾ ਹੈ। ਬਿਨਾਂ ਪਾਠ-ਪੁਸਤਕਾਂ ਦੇ ਕੋਈ ਅਧਿਆਪਕ ਕੁਝ ਪੜ੍ਹਾਏਗਾ

ਤੇ ਕੋਈ ਕੁਝ। ਇਨ੍ਹਾਂ ਬਿਨਾਂ ਇਕੋ ਜਿਹਾ ਪੱਧਰ ਬਣਾਈ ਰੱਖਣਾ ਅਸੰਭਵ ਹੈ। ਇਸ ਲਈ ਯੂਨੀਵਰਸਿਟੀਆਂ ਤੇ ਸਿੱਖਿਆ ਬੋਰਡਾਂ ਵੱਲੋਂ ਵਿਦਿਆਰਥੀਆਂ ਦੀਆਂ ਭਿੰਨ ਭਿੰਨ ਪ੍ਰੀਖਿਆਵਾਂ ਲਈ ਪਾਠ-ਪੁਸਤਕਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ।

**1.1.3 ਮਾਤ ਭਾਸ਼ਾ ਦੀ ਪਾਠ ਪੁਸਤਕ ਦਾ ਅਰਥ :**

ਪ੍ਰਾਚੀਨ ਸਮੇਂ ਵਿੱਚ ਪਾਠ-ਪੁਸਤਕ ਨੂੰ 'ਗ੍ਰੰਥ' ਸ਼ਬਦ ਨਾਲ ਜਾਣਿਆ ਜਾਂਦਾ ਸੀ। ਗ੍ਰੰਥ ਦਾ ਸ਼ਾਬਦਿਕ ਅਰਥ ਹੈ- ਬੰਨਣਾ ਜਾਂ ਨਿਯਮਿਤ ਰੂਪ ਨਾਲ ਜੋੜਨਾ। ਪਹਿਲਾ-ਪਹਿਲਾ ਭੋਜਪੱਤਰ ਜਾਂ ਤਾੜਪੱਤਰ ਉੱਤੇ ਲਿਖ ਕੇ ਆਚਾਰੀਆ ਲੋਕ ਉਸਨੂੰ ਧਾਗੇ ਨਾਲ ਬੰਨ ਦਿੰਦੇ ਸਨ। ਇਸੇ ਕਾਰਨ ਉਹਨਾਂ ਨੂੰ ਗ੍ਰੰਥ ਕਿਹਾ ਜਾਂਦਾ ਸੀ। ਅੰਗ੍ਰੇਜ਼ੀ ਭਾਸ਼ਾ ਦਾ 'ਬੁੱਕ' ਸ਼ਬਦ ਜਰਮਨ ਭਾਸ਼ਾ ਦੇ 'ਬੀਕ' ਸ਼ਬਦ ਤੋਂ ਉਤਪੰਨ ਹੋਇਆ ਮੰਨਿਆ ਜਾਂਦਾ ਹੈ। ਇਸ ਦਾ ਅਰਥ ਹੈ - ਰੁੱਖ। ਇਸਦਾ ਸੰਬੰਧ ਰੁੱਖ ਦੀ ਛਿੱਲ ਜਾਂ ਤਖਤੀ ਉਤੇ ਲਿਖਣ ਨਾਲ ਹੈ।

ਸੀ.ਵੀ. ਗੁੱਡ ਨੇ ਪਾਠ-ਪੁਸਤਕ ਦੀ ਪ੍ਰੀਭਾਸ਼ਾ ਦਿੰਦੇ ਹੋਏ ਕਿਹਾ ਹੈ, ''ਇੱਕ ਨਿਸ਼ਚਿਤ ਪਾਠਕ੍ਰਮ ਦੇ ਅਧਿਐਨ ਦੇ ਪ੍ਰਮੁੱਖ ਸਾਧਨ ਦੇ ਰੂਪ ਵਿੱਚ, ਇੱਕ ਨਿਸ਼ਚਿਤ ਸਿੱਖਿਆ ਪੱਧਰ ਉੱਤੇ ਪ੍ਰਯੋਗ ਕਰਨ ਲਈ ਇਕ ਨਿਸ਼ਚਿਤ ਵਿਸ਼ੇ ਤੇ ਕ੍ਰਮਬੱਧ ਤੇ ਨਿਯੋਜਿਤ ਰੂਪ ਵਿੱਚ ਲਿਖੀ ਹੋਈ ਪੁਸਤਕ ਹੀ ਪਾਠ-ਪੁਸਤਕ ਹੈ।

ਆਰ. ਡਗਲਸ ਅਨੁਸਾਰ, ''ਅਧਿਆਪਕਾਂ ਦੇ ਅਨੁਭਵਾਂ ਅਤੇ ਵਿਸ਼ਲੇਸ਼ਣ ਅਨੁਸਾਰ, ਪਾਠ-ਪੁਸਤਕਾਂ ਪੜਨ ਤੇ ਪੜ੍ਹਾਉਣ ਦਾ ਮਹੱਤਵਪੂਰਨ ਆਧਾਰ ਹੈ।'' ਇਸ ਤਰ੍ਹਾਂ ਪਾਠ-ਪੁਸਤਕਾਂ ਗਿਆਨ ਨੂੰ ਸੰਗ੍ਰਹਿ ਤੇ ਸੰਚਾਰ ਕਰਨ ਦਾ ਇੱਕ ਵਧੀਆ ਸਾਧਨ ਹੈ, ਜਿਸਦਾ ਲਾਭ ਨਵੀਂ ਪੀੜ੍ਹੀ ਨੂੰ ਹੁੰਦਾ ਹੈ। ਮਾਤ ਭਾਸ਼ਾ ਦੀ ਪਾਠ ਪੁਸਤਕ ਵਿਚ ਸੂਖਮ ਅਧਿਐਨ ਬਹੁਤ ਗੰਭੀਰਤਾ ਨਾਲ ਕੀਤਾ ਜਾਂਦਾ ਹੈ। ਇਸ ਦਾ ਉਦੇਸ ਬੱਚਿਆਂ ਦੇ ਸ਼ਬਦ ਭੰਡਾਰ ਵਿਚ ਵਾਧਾ ਕਰਨਾ, ਉਨ੍ਹਾਂ ਦੇ ਭਾਸ਼ਾ ਗਿਆਨ ਨੂੰ ਵਧਾਉਣਾ, ਮੁਹਾਵਰੇ ਅਰਥ ਆਦਿ ਦੇ ਸਾਰੇ ਅੰਗਾਂ ਦਾ ਅਧਿਐਨ ਕਰਨਾ ਹੰਦਾ ਹੈ। ਪੁਸਤਕ ਵਿਚਾਲੇ ਸਹਿਤ ਰੂਪਾਂ ਦੇ ਭਾਵਾ ਦੇ ਵਿਚਾਰਾਂ ਨੂੰ ਗਹ੍ਰਿਣ ਕਰਵਾਉਣਾ ਅਤੇ ਉਨਾਂ ਦੇ ਅਨੁਕੂਲ ਕਾਰਜ ਦਾ ਵਿਵਹਾਰ ਕਰਨਾਂ ਆਦਿ ਵੀ ਹੰਦਾ ਹੈ। ਸਕੂਲ ਪੱਧਰ ਤੇ ਮਾਤ ਭਾਸਾ ਦੀਆਂ ਪਾਠ ਪੁਸਤਕਾਂ ਇਸ ਤਰ੍ਹਾਂ ਹਨ। ਸੂਖਮ ਅਧਿਐਨ ਲਈ ਪਾਠ ਪੁਸਤਕਾਂ, ਸਹਾਇਕ ਪੁਸਤਕਾਂ, ਕਹਾਣੀ ਨਾਟਕ ਤੇ ਕਵਿਤਾ ਦੀਆਂ ਵੱਖ ਵੱਖ ਪਾਠ ਪੁਸਤਕਾਂ, ਵਿਆਕਰਨ ਲਈ ਨਿਰਧਾਰਰਿਤ ਪਾਠ ਪੁਸਤਕਾਂ ਅਤੇ ਰਚਨਾਂ ਕਾਰਜ ਲਈ ਨਿਰਧਾਰਤ ਪਾਠ ਪੁਸਤਕਾਂ। ਇਨ੍ਹਾਂ ਤੋ ਇਲਾਵਾਂ ਮਾਤ ਭਾਸ਼ਾ ਦੀਆ ਪਾਠ ਪੁਸਤਕਾਂ ਵਿਚ ਮਨੋਰੰਜਨ ਪ੍ਰਧਾਂਨ, ਗਿਆਨਾਤਮਿਕ, ਚਰਿੱਤਰ ਪ੍ਰਧਾਨ, ਸਮਾਜਿਕ ਸਮੱਸਿਆਵਾਂ, ਰਾਸ਼ਟਰੀ ਜੀਵਨ, ਸੰਸਕ੍ਰਿਤਕ ਆਦਿ ਪਾਠ ਵੀ ਸ਼ਾਮਿਲ ਹੁੰਦੇ ਹਨ।

**1.1.4 ਮਾਤ ਭਾਸ਼ਾ ਦੀ ਪਾਠ ਪੁਸਤਕ ਦਾ ਮਹੱਤਵ :**

ਕੁੱਝ ਸਿੱਖਿਆ ਸ਼ਾਸਤਰੀਆਂ ਦੀ ਰਾਇ ਹੈ ਕਿ ਪਾਠ-ਪੁਸਤਕਾਂ ਦੇ ਕਾਰਣ, ਅੱਜ ਕੱਲ ਦੀ ਸਿੱਖਿਆ, ਪੁਸਤਕ-ਕੇਂਦਰਤ ਹੁੰਦੀ ਜਾ ਰਹੀ ਹੈ। ਵਿਦਿਆਰਥੀਆਂ ਵਿਚ ਘੋਟਾ ਲਗਾਉਣ ਦੀ ਪ੍ਰਵਿਰਤੀ ਵੱਧ ਰਹੀ ਹੈ। ਮੁਲਾਂਕਣ, ਪ੍ਰਤਿਭਾ ਦੇ ਆਧਾਰ ਤੇ ਨਹੀਂ ਸਗੋਂ ਪਾਠ-ਪੁਸਤਕਾਂ ਦੇ ਸੀਮਤ ਗਿਆਨ ਦੇ ਆਧਾਰ ਉਪਰ ਹੋ ਰਿਹਾ ਹੈ। ਇਸ ਨਾਲ ਪ੍ਰਤਿਭਾ ਦਾ ਵਿਕਾਸ ਨਹੀਂ ਹੋ ਰਿਹਾ। ਪਾਠ-ਪੁਸਤਕਾਂ ਨੇ ਸਿੱਖਿਆ ਦੇ ਉਦੇਸ਼ਾਂ ਨੂੰ ਸੌੜਾ ਕਰ ਦਿੱਤਾ ਹੈ, ਆਦਿ। ਇਸ ਕੱਟੜ ਆਲੋਚਨਾ ਦੇ ਬਾਵਜੂਦ, ਪਾਠ-ਪੁਸਤਕਾਂ ਦਾ ਮਹੱਤਵ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਅਸਲ ਵਿਚ ਪਾਠ-ਪੁਸਤਕਾਂ ਸਿੱਖਿਆ ਦੇ ਵਿਕਾਸ ਤੇ ਪ੍ਰਸਾਰ ਦੀਆਂ ਕੁਝ ਮਹੱਤਵਪੂਰਨ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦਾ ਮਹੱਤਵ ਵੱਧ ਰਿਹਾ ਹੈ। ਇਹ ਕਾਰਨ ਹੇਠ ਲਿਖੇ ਹਨ :

(i) **ਵਿਸ਼ੇ-ਵਸਤੂ ਨੂੰ ਸਮਝਣ ਵਿਚ ਸਹਾਇਕ** :- ਪਾਠ-ਪੁਸਤਕਾਂ ਦੀ ਸਹਾਇਤਾ ਨਾਲ ਵਿਸ਼ੇ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਬੱਚੇ ਸ਼੍ਰੇਣੀ ਵਿਚ, ਅਧਿਆਪਕ ਦੁਆਰਾ ਪੜ੍ਹਾਏ ਗਏ ਮੌਖਿਕ ਗਿਆਨ ਨੂੰ ਸਮਝ ਤਾਂ ਲੈਂਦੇ ਹਨ, ਪਰ ਉਸ ਨੂੰ ਯਾਦ ਕਰਨ ਲਈ ਕਈ ਵਾਰ ਦੁਹਰਾਈ ਤੇ ਅਭਿਆਸ ਦੀ ਲੋੜ ਹੁੰਦੀ ਹੈ। ਪਾਠ-ਪੁਸਤਕ ਇਸ ਜ਼ਰੂਰਤ ਨੂੰ ਪੂਰਾ ਕਰਦੀ ਹੈ। ਕਈ ਵਾਰ ਵਿਦਿਆਰਥੀ, ਸ਼੍ਰੇਣੀ ਵਿਚ ਨੋਟਸ ਨਹੀਂ ਲੈ ਸਕਦੇ, ਉਨ੍ਹਾਂ ਨੂੰ ਪਾਠ-ਪੁਸਤਕ ਉਪਰ ਹੀ ਨਿਰਭਰ ਹੋਣਾ ਪੈਂਦਾ ਹੈ।

(ii) **ਮਾਰਗ ਦਰਸ਼ਕ** :- ਪਾਠ-ਪੁਸਤਕ, ਵਿਦਿਆਰਥੀ ਤੇ ਅਧਿਆਪਕ ਦੋਹਾਂ ਲਈ ਮਾਰਗ ਦਰਸ਼ਕ ਦਾ ਕੰਮ ਕਰਦੀ ਹੈ। ਇਹ ਠੀਕ ਹੈ ਕਿ ਭਾਸ਼ਾ ਸਿੱਖਿਆ ਦਾ ਮੁੱਖ ਉਦੇਸ਼ ਬੱਚਿਆਂ ਦੀ ਭਾਸ਼ਾ ਯੋਗਤਾ ਵਧਾਉਣਾ ਹੈ, ਪਰੰਤੂ ਕਿਸ ਪੱਧਰ ਤੇ ਕਿੰਨੀ ਭਾਸ਼ਾ ਯੋਗਤਾ ਵੱਧਣੀ ਚਾਹੀਦੀ ਹੈ। ਇਸ ਦਾ ਮਾਰਗ ਦਰਸ਼ਨ ਪਾਠ-ਪੁਸਤਕਾਂ ਹੀ ਕਰਦੀਆਂ ਹਨ। ਇਸ ਤਰ੍ਹਾਂ ਇਕ ਨਿਸ਼ਚਿਤ ਸਮੇਂ ਵਿਚੋਂ ਨਿਸ਼ਚਿਤ ਭਾਸ਼ਾ ਯੋਗਤਾ ਪ੍ਰਾਪਤ ਕਰਨ ਲਈ, ਪਾਠ-ਪੁਸਤਕ ਮਾਰਗ ਦਰਸ਼ਕ ਦੀ ਭੂਮਿਕਾ ਨਿਭਾਉਂਦੀ ਹੈ।

(iii) **ਪੜ੍ਹਾਈ ਦਾ ਸਰਲ ਤੇ ਵਧੀਆ ਸਾਧਨ** :- ਪਾਠ-ਪੁਸਤਕ ਪੜ੍ਹਾਈ ਦਾ ਸਭ ਤੋਂ ਸਰਲ ਤੇ ਵਧੀਆ ਸਾਧਨ ਹੈ। ਇਹ ਥੋੜ੍ਹਾ ਖਰਚ ਕਰਨ ਨਾਲ ਹੀ ਮਿਲ ਜਾਂਦਾ ਹੈ। ਇਸ ਵਿਚ ਵਿਸ਼ੇ ਵਸਤੂ ਨੂੰ ਕ੍ਰਮਬੱਧ ਤੇ ਲੜੀਵਾਰ ਤਰੀਕੇ ਨਾਲ ਪੇਸ਼ ਕੀਤਾ ਹੁੰਦਾ ਹੈ ਜੋ ਨਵੇਂ ਅਧਿਆਪਕ ਤੇ ਵਿਦਿਆਰਥੀਆਂ ਲਈ ਲਾਭਦਾਇਕ ਹੈ। ਅਧਿਆਪਕ ਨੂੰ ਕਿਉਂਕਿ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਕੀ ਪੜ੍ਹਾਉਣਾ ਹੈ, ਇਸ ਲਈ ਉਹ ਉਪਯੋਗੀ ਸਿੱਖਿਆ-ਵਿਧੀਆਂ ਤੇ ਦੇਖਣ ਸੁਣਨ ਵਾਲੇ ਸਾਧਨਾਂ ਦੀ ਯੋਗ ਵਰਤੋਂ ਕਰ ਸਕਦਾ ਹੈ।

(iv) **ਮੌਲਿਕ ਚਿੰਤਨ ਲਈ ਪ੍ਰੇਰਕ** :- ਪਾਠ-ਪੁਸਤਕਾਂ ਮੌਲਿਕ ਚਿੰਤਨ ਲਈ ਪ੍ਰੇਰਿਤ ਕਰਦੀਆਂ ਹਨ। ਇਨ੍ਹਾਂ ਪੁਸਤਕਾਂ ਦੇ ਹਰੇਕ ਪਾਠ ਦੇ ਅੰਤ ਵਿਚ ਅਭਿਆਸੀ ਪ੍ਰਸ਼ਨ ਹੁੰਦੇ ਹਨ। ਇਨ੍ਹਾਂ ਪ੍ਰਸ਼ਨਾਂ ਵਿਚ ਮੌਲਿਕ ਚਿੰਤਨ ਪ੍ਰਕ੍ਰਿਆ ਸਮਾਈ ਹੁੰਦੀ ਹੈ। ਇਨ੍ਹਾਂ ਦੁਆਰਾ ਬੱਚਿਆਂ ਵਿਚ ਮੌਲਿਕ ਚਿੰਤਨ ਦਾ ਵਿਕਾਸ ਹੁੰਦਾ ਹੈ। ਉਹ ਕੁਝ ਪ੍ਰਸ਼ਨਾਂ ਦਾ ਆਪ ਉੱਤਰ ਲੱਭਣ ਲਈ ਯੋਗ ਹੋ ਜਾਂਦੇ ਹਨ। ਇਸ ਤੋਂ ਉਨ੍ਹਾਂ ਨੂੰ ਹੋਰ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਵੀ ਮਿਲਦੀ ਹੈ, ਜਿਸ ਨਾਲ ਗਿਆਨ ਵਿਚ ਵਾਧਾ ਹੁੰਦਾ ਹੈ।

(v) **ਗਿਆਨ ਦੇ ਸਥਾਈਕਰਨ ਵਿਚ ਸਹਾਇਕ** :- ਗਿਆਨ ਦੇ ਸਥਾਈਕਰਨ ਲਈ, ਉਸ ਨੂੰ ਯਾਦ ਰੱਖਣ ਦੀ ਲੋੜ ਹੁੰਦੀ ਹੈ। ਪਾਠ-ਪੁਸਤਕ ਯਾਦ ਰੱਖਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ।

(vi) **ਮਨੋਰੰਜਨ ਦਾ ਸਾਧਨ** :- ਸਿੱਖਿਆ ਵਿਚ ਮਨੋਰੰਜਨ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਪਾਠ-ਪੁਸਤਕ ਤੋਂ ਕੇਵਲ ਗਿਆਨ ਹੀ ਪ੍ਰਾਪਤ ਨਹੀਂ ਹੁੰਦਾ ਸਗੋਂ ਮਨੋਰੰਜਨ ਵੀ ਪ੍ਰਾਪਤ ਹੁੰਦਾ ਹੈ। ਭਾਸ਼ਾ ਦੀ ਪਾਠ-ਪੁਸਤਕ ਵਿਚ ਸ਼ਾਮਲ ਕਹਾਣੀਆਂ, ਇਕਾਂਗੀ, ਕਵਿਤਾਵਾਂ, ਹਾਸ ਤੇ ਵਿਅੰਗਾਤਮਿਕ ਲੇਖ ਆਦਿਕ ਵਿਦਿਆਰਥੀਆਂ ਦਾ ਮਨੋਰੰਜਨ ਵੀ ਕਰਦੇ ਹਨ ਤੇ ਸਿੱਖਿਆ ਵੀ ਦਿੰਦੇ ਹਨ।

(vii) **ਭਿੰਨ ਭਿੰਨ ਤੱਤਾਂ ਵਿਚ ਸੰਤੁਲਨ** :- ਪਾਠ-ਪੁਸਤਕ, ਸਿੱਖਿਆ ਦੇ ਭਿੰਨ ਭਿੰਨ ਤੱਤਾਂ ਵਿਚ ਸੰਤੁਲਨ ਸਥਾਪਤ ਰੱਖਣ ਵਿਚ ਸਹਾਇਕ ਸਿੱਧ ਹੁੰਦੀ ਹੈ। ਭਾਸ਼ਾ ਸਿੱਖਿਆ ਦੇ ਭਿੰਨ ਭਿੰਨ ਤੱਤ ਹਨ ਜਿਵੇਂ ਉਚਾਰਣ, ਸ਼ਬਦ-ਜੋੜ, ਵਿਆਕਰਣ, ਰਚਨਾ-ਕਾਰਜ ਆਦਿ। ਇਸ ਤਰ੍ਹਾਂ ਭਾਸ਼ਾ ਸਿੱਖਿਆ ਵਿਚ ਕਵਿਤਾ, ਕਹਾਣੀ, ਇਕਾਂਗੀ, ਨਾਟਕ, ਨਿਬੰਧ ਆਦਿ ਭਿੰਨ ਭਿੰਨ ਰੂਪਾਂ ਨੂੰ ਵੀ ਸ਼ਾਮਲ ਕਰਨਾ ਹੁੰਦਾ ਹੈ। ਭਾਸ਼ਾ ਦਾ ਸੰਪੂਰਨ ਗਿਆਨ ਪ੍ਰਾਪਤ ਕਰਨ ਲਈ, ਭਾਸ਼ਾ ਦੇ ਇਨ੍ਹਾਂ ਭਿੰਨ ਭਿੰਨ ਤੱਤਾਂ ਦੇ ਰੂਪਾਂ ਵਿਚ ਸੰਤੁਲਨ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਪਾਠ-ਪੁਸਤਕ, ਭਾਸ਼ਾ ਸਿੱਖਿਆ ਦੇ ਭਿੰਨ ਭਿੰਨ ਤੱਤਾ ਵਿਚ ਇਕ ਸੰਤੁਲਨ ਸਥਾਪਤ ਕਰਨ ਵਿਚ ਸਹਾਇਕ ਹੁੰਦੀ ਹੈ।

(viii) **ਮਨੋਵਿਗਿਆਨਕ ਲੋੜਾਂ ਦੀ ਪੂਰਤੀ ਵਿਚ ਸਹਾਇਕ** :- ਭਿੰਨ ਭਿੰਨ ਆਯੂ-ਵਰਗ ਦੇ ਵਿਦਿਆਰਥੀਆਂ ਦੀਆਂ ਕੁਝ ਮਾਨਸਿਕ ਤੇ ਬੌਧਿਕ ਜ਼ਰੂਰਤਾਂ ਹੁੰਦੀਆਂ ਹਨ, ਜਿਨ੍ਹਾਂ ਵੱਲ ਧਿਆਨ ਦਿੱਤੇ ਬਿਨਾ, ਅਧਿਆਪਨ ਨੂੰ ਰੌਚਿਕ ਤੇ ਪ੍ਰਭਾਵ ਪੂਰਨ ਨਹੀਂ ਬਣਾਇਆ ਜਾ ਸਕਦਾ। ਪਾਠ-ਪੁਸਤਕ ਬਣਾਉਣ ਸਮੇਂ ਇਨ੍ਹਾਂ ਮਾਨਸਿਕ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਇਸ ਨਾਲ ਬੱਚਾ ਪੜ੍ਹਾਈ ਵਿਚ ਰੁਚੀ ਲੈਣ ਲੱਗ ਪੈਂਦਾ ਹੈ।

(ix) **ਇਕ ਪੱਧਰ ਦੀ ਸਥਾਪਤੀ ਵਿਚ ਸਹਾਇਕ** :- ਪਾਠ-ਪੁਸਤਕ, ਕਿਉਂਕਿ ਬੱਚਿਆਂ ਦੀ ਉਮਰ ਦੇ ਮਾਨਸਿਕ ਪੱਧਰ ਅਨੁਸਾਰ ਤਿਆਰ ਕੀਤੀ ਜਾਂਦੀ ਹੈ। ਇਸ ਲਈ ਉਹ ਉਸ ਆਯੂ ਗੁਟ ਦੇ ਵਿਦਿਆਰਥੀਆਂ ਲਈ ਇਕ ਪੱਧਰ ਦੇ ਨਿਰਮਾਣ ਵਿਚ ਸਹਾਇਤਾ ਕਰਦੀ ਹੈ। ਪਾਠ-ਪੁਸਤਕ ਦੇ ਬਿਨਾ ਕੋਈ ਅਧਿਆਪਕ ਕੁਝ

ਪੜ੍ਹਾਏਗਾ ਤੇ ਕੋਈ ਕੁਝ, ਕਿਤੇ ਜ਼ਿਆਦਾ ਪੜ੍ਹਾਇਆ ਜਾਵੇਗਾ ਤੇ ਕਿਤੇ ਘੱਟ ਪੜ੍ਹਾਇਆ ਜਾਵੇਗਾ। ਇਸ ਨਾਲ ਇਕੋ ਹੀ ਖੇਤਰ ਵਿਚ ਵੱਖ ਵੱਖ ਪੱਧਰਾਂ ਦੀ ਸਥਾਪਤੀ ਨਹੀਂ ਹੋ ਸਕੇਗੀ। ਇਨ੍ਹਾਂ ਪੱਧਰਾਂ ਨੂੰ ਇਕ ਸਮਾਨ ਬਣਾਈ ਰੱਖਣ ਲਈ, ਪਾਠ-ਪੁਸਤਕ ਦੀ ਹਰ ਸਮੇਂ ਜ਼ਰੂਰਤ ਹੈ। ਇਸ ਨਾਲ ਇਕ ਸਮਾਨ ਪ੍ਰੀਖਿਆ ਸੰਭਵ ਹੋ ਸਕਦੀ ਹੈ।

(x) **ਸਿੱਖਿਆ ਦੇ ਪ੍ਰਸਾਰ ਵਿਚ ਸਹਾਇਕ** :- ਸਿੱਖਿਆ ਦੇ ਪ੍ਰਸਾਰ ਕਾਰਨ ਅਧਿਆਪਕ ਨੂੰ ਇਕ ਸਮੇਂ 50 ਤੋਂ ਉੱਪਰ ਵਿਦਿਆਰਥੀਆਂ ਨੂੰ ਇਕ ਸ਼੍ਰੇਣੀ ਵਿਚ ਪੜ੍ਹਾਉਣਾ ਪੈਂਦਾ ਹੈ। ਇਸ ਸਥਿਤੀ ਵਿਚ ਅਨੁਸ਼ਾਸਨ ਰੱਖਣਾ ਤੇ ਵਿਅਕਤੀਗਤ ਧਿਆਨ ਦੇਣਾ ਮੁਸ਼ਕਿਲ ਹੋਜਾਂਦਾ ਹੈ। ਨਤੀਜੇ ਵਜੋਂ ਠੀਕ ਪੜ੍ਹਾਈ ਨਹੀਂ ਹੋ ਸਕਦੀ। ਮੌਖਿਕ ਅਧਿਆਪਨ ਤਾਂ ਪ੍ਰਭਾਵਸ਼ਾਲੀ ਹੋ ਸਕਦਾ ਹੈ ਜੇ ਇਕ ਅਧਿਆਪਕ 5-7 ਵਿਦਿਆਰਥੀਆਂ ਨੂੰ ਪੜ੍ਹਾਵੇ। ਪਰੰਤੂ ਮੌਜੂਦਾ ਹਾਲਾਤ ਵਿਚ ਅਧਿਆਪਕ ਤੇ ਵਿਦਿਆਰਥੀਆਂ ਨੂੰ ਪਾਠ-ਪੁਸਤਕ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਇਸ ਨਾਲ, ਅਧਿਆਪਕ ਨੂੰ ਬਹੁਤ ਸੌਖ ਰਹਿੰਦੀ ਹੈ ਅਤੇ ਪਾਠ-ਪੁਸਤਕਾਂ ਸਿੱਖਿਆ ਦੇ ਪਸਾਰ ਵਿਚ ਸਹਾਇਕ ਬਣਦੀ ਹੈ।

(xi) **ਸਵੈ ਅਧਿਐਨ ਤੇ ਆਤਮ-ਵਿਸ਼ਵਾਸ ਦੀ ਭਾਵਨਾ** :- ਗਿਆਨ ਨੂੰ ਦੁਹਰਾਉਣ ਲਈ ਸਵੈ-ਅਧਿਐਨ ਜ਼ਰੂਰੀ ਹੈ। ਪੁਸਤਕਾਂ ਸਵੈ-ਅਧਿਐਨ ਦਾ ਆਧਾਰ ਹੁੰਦੀਆਂ ਹਨ। ਸਵੈ-ਅਧਿਐਨ ਨਾਲ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ। ਜਿਸ ਨਾਲ ਵਿਦਿਆਰਥੀਆਂ ਵਿੱਚ ਮੌਲਿਕ ਚਿੰਤਨ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ।

(xii) **ਬੱਚਿਆਂ ਦੀ ਸਮਰੱਥਾ ਅਨੁਸਾਰ ਸਿੱਖਿਆ** :- ਕੋਈ ਵੀ ਵਿਅਕਤੀ ਇੱਕ ਵੱਡਾ ਵਿਦਵਾਨ ਹੋ ਸਕਦਾ ਹੈ ਪ੍ਰੰਤੂ ਉੱਤਮ ਪਾਠ ਪੁਸਤਕ ਲੇਖਕ ਨਹੀਂ ਹੋ ਸਕਦਾ। ਲੇਖਕ ਨੂੰ ਇਹ ਦੇਖਣਾ ਪੈਂਦਾ ਹੈ ਕਿ ਪੁਸਤਕ ਦਾ ਵਿਸ਼ਾ-ਵਸਤੂ, ਉਦਾਹਰਨਾ, ਵਿਸ਼ੇ ਵਸਤੂ ਦਾ ਪ੍ਰਸੱਤੁਤੀਕਰਣ ਤੇ ਭਾਸ਼ਾ-ਸ਼ੈਲੀ, ਬੱਚਿਆਂ ਦੀ ਮਾਨਸਿਕ ਸਮਰੱਥਾ ਦੇ ਪੱਧਰ ਅਨੁਸਾਰ ਹੈ, ਕਿ ਨਹੀਂ। ਆਧੁਨਿਕ ਸਿੱਖਿਆ ਵਿੱਚ ਸਿਖਾਉਣ ਦੇ ਮੁਕਾਬਲੇ ਸਿੱਖਣ ਉੱਤੇ ਵਧੇਰੇ ਜ਼ੋਰ ਦਿਤਾ ਜਾਂਦਾ ਹੈ। ਇਸ ਲਈ ਪਾਠ-ਪੁਸਤਕ, ਬੱਚਿਆਂ ਨੂੰ ਉਨ੍ਹਾਂ ਦੀ ਸਮਰੱਥਾ ਦੇ ਅਨੁਸਾਰ ਸਿੱਖਿਆ ਦੇਣ ਵਿੱਚ ਸਹਾਇਕ ਹੈ।

ਉਪਰੋਕਤ ਮਹੱਤਤਾ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਪਾਠ ਪੁਸਤਕਾਂ ਦਾ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਮਹੱਤਵਪੂਰਨ ਸਥਾਨ ਹੈ। ਪਾਠ ਪੁਸਤਕ ਦੀ ਸਹਾਇਤਾ ਨਾਲ ਹੀ ਬੱਚਾ ਤੇ ਅਧਿਆਪਕ ਵਧੀਆਂ ਪੜ੍ਹਾਈ ਕਰ ਸਕਦੇ ਹਨ।

**1.1.5 ਚੰਗੀ ਪਾਠ ਪੁਸਤਕ ਦੇ ਗੁਣ :**

ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਪਾਠ-ਪੁਸਤਕ ਦੇ ਦੋ ਰੂਪ ਹੁੰਦੇ ਹਨ - ਅੰਦਰੂਨੀ ਅਤੇ ਬਾਹਰੀ। ਅੰਦਰੂਨੀ ਰੂਪ ਵਿਚ ਭਾਸ਼ਾ, ਸ਼ੈਲੀ, ਵਿਸ਼ਾ-ਵਸਤੂ ਆਦਿ ਆਉਂਦੇ ਹਨ ਜਦੋ ਕਿ ਬਾਹਰੀ ਰੂਪ ਵਿਚ ਪਾਠ-ਪੁਸਤਕ ਦਾ ਆਕਾਰ ਪ੍ਰਕਾਰ, ਛਪਾਈ ਤੇ ਬਾਹਰਲੀ ਦਿੱਖ ਆਦਿ। ਸਮੁੱਚੇ ਰੂਪ ਵਿਚ ਭਾਸ਼ਾ ਦੀ ਇਕ ਚੰਗੀ ਪੁਸਤਕ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ।

**1.1.5.1 ਵਿਸ਼ਾ-ਵਸਤੂ**

ਪਾਠ-ਪੁਸਤਕਾਂ ਲਈ ਵਿਸ਼ੇ ਵਸਤੂ ਦੀ ਚੋਣ ਕਰਨ ਸਮੇਂ ਵਿਦਿਆਰਥੀਆਂ ਦੀਆਂ ਭਾਵੁਕ, ਮਾਨਸਿਕ, ਸਮਾਜਿਕ ਤੇ ਭੌਤਿਕ ਲੋੜਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਲੇਖਕ ਨੂੰ ਪਾਠ-ਪੁਸਤਕ ਤਿਆਰ ਕਰਨ ਸਮੇਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿਸ ਉਮਰ ਦੇ ਬੱਚਿਆਂ ਲਈ ਪੁਸਤਕ ਤਿਆਰ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀ ਲੋੜਾਂ ਅਤੇ ਰੁਚੀਆਂ ਹਨ। ਉਨ੍ਹਾਂ ਲੋੜਾਂ ਨੂੰ ਸੰਤੁਲਨ ਕਰਨ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ। ਸਮਾਜ-ਅਨੁਕੂਲ ਵਿਸ਼ਿਆਂ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਕੇ ਬੱਚਿਆਂ ਲਈ ਰੌਚਿਕ ਬਣਾਇਆ ਜਾ ਸਕਦਾ ਹੈ।

(i) ਪਾਠ-ਪੁਸਤਕ ਵਿਚ ਵਿਸ਼ਾ ਵਸਤੂ ਗਿਆਤ ਤੋਂ ਅਗਿਆਤ ਦੇ ਕ੍ਰਮ ਅਨੁਸਾਰ ਪ੍ਰਸਤੁਤ ਕੀਤਾ ਜਾਣਾ ਚਾਹੀਦਾ ਹੈ। ਬੱਚੇ ਨੂੰ ਪਹਿਲਾਂ ਉਸਦੇ ਅਨੁਭਵ ਤੇ ਗਿਆਨ ਦੇ ਘੇਰੇ ਵਾਲੀਆਂ ਗੱਲਾਂ ਦੀ ਜਾਣਕਾਰੀ ਦੇਣੀ ਚਾਹੀਦੀ ਹੈ।

(ii) ਵਿਸ਼ਿਆਂ ਦੀ ਨਵੀਨਤਾ ਅਤੇ ਅੱਡਰਤਾ ਨਾਲ, ਗਿਆਨ ਦੇ ਵਾਧੇ ਦੇ ਨਾਲ ਨਾਲ ਰੌਚਿਕਤਾ ਵੀ

ਵੱਧਦੀ ਹੈ। ਇਸ ਲਈ ਪੁਸਤਕ ਵਿਚ ਪ੍ਰਾਕ੍ਰਿਤਕ ਤੇ ਸਮਾਜਿਕ ਵਾਤਾਵਰਣ ਦੇ ਵੱਖੋ ਵੱਖ ਵਿਸ਼ਿਆਂ ਨਾਲ ਸੰਬੰਧਿਤ ਲੇਖ, ਕਹਾਣੀਆਂ, ਕਵਿਤਾਵਾਂ ਆਦਿ ਹੋਣੇ ਚਾਹੀਦੇ ਹਨ।

(iii) ਪਾਠ-ਪੁਸਤਕ ਵਿਚ ਕਿਸੇ ਲੰਬੀ ਕਵਿਤਾ ਜਾਂ ਲੇਖ ਆਦਿ ਦਾ ਉਹ ਭਾਗ ਪ੍ਰਸਤੁਤ ਕੀਤਾ ਜਾਵੇ, ਜਿਸ ਨੂੰ ਪੜ੍ਹਾਈ ਦੇ ਪਿਛੋਂ ਬਾਲਕ ਦੇ ਮਨ ਵਿਚ ਉਸ ਨੂੰ ਪੂਰਾ ਪੜ੍ਹਨ ਦੀ ਲਾਲਸਾ ਜਾਗੇ।

(iv) ਵਿਸ਼ਿਆਂ ਦੇ ਆਪਸੀ ਸੰਬੰਧ ਲਈ ਭਾਸ਼ਾ ਦੀ ਪਾਠ-ਪੁਸਤਕ ਵਿਚ ਜੋ ਪਾਠ ਰੱਖੇ ਜਾਣ, ਉਨ੍ਹਾਂ ਦਾ ਸੰਬੰਧ ਦੂਸਰਿਆਂ ਵਿਸ਼ਿਆਂ ਨਾਲ ਵੀ ਹੋਣਾ ਚਾਹੀਦਾ ਹੈ।

(v) ਰਚਨਾਤਮਿਕ ਕ੍ਰਿਆਵਾਂ ਲਈ ਗਿਆਨ ਵਧਾਉਣ ਦੇ ਨਾਲ ਵਿਸ਼ੇ ਰਚਨਾਤਮਿਕ ਬੁੱਧੀ ਉਤਪੰਨ ਕਰਨ ਵਾਲੇ ਹੋਣੇ ਚਾਹੀਦੇ ਹਨ। ਕਵਿਤਾਵਾਂ ਨੂੰ ਪੜ੍ਹ ਕੇ ਬੱਚੇ ਆਪਣੀ ਕਲਪਨਾ ਕਰਨ ਲੱਗ ਜਾਣ। ਆਪ ਲਿਖਣ ਤੇ ਕੁਝ ਬਣਨ ਲਈ ਉਤਸ਼ਾਹਿਤ ਹੋਣ। ਵਿਸ਼ੇ ਅਜਿਹੇ ਚਾਹੀਦੇ ਹਨ ਕਿ ਉਹ ਬੱਚੇ ਲਈ ਪ੍ਰੇਰਨਾ ਦਾ ਕੰਮ ਕਰਨ।

(vi) ਪਾਠ-ਪੁਸਤਕ ਵਿਚ ਬੱਚਿਆਂ ਨੂੰ ਕੋਰੇ ਉਪਦੇਸ਼ ਨਾ ਦਿੱਤੇ ਜਾਣ ਕਿਉਂਕਿ ਪਾਠ-ਪੁਸਤਕਾਂ ਭਾਸ਼ਾ ਸਿੱਖਿਆ ਲਈ ਹਨ, ਉਪਦੇਸ਼ਾਂ ਲਈ ਨਹੀਂ। ਭਾਸ਼ਾ ਅਧਿਆਪਕ ਉਪਦੇਸ਼ ਨਹੀਂ ਦਿੰਦਾ। ਜੇਕਰ ਉਪਦੇਸ਼ ਦੇਣਾ ਵੀ ਹੋਵੇ ਤਾਂ ਉਹ ਕਿਸੇ ਕਹਾਣੀ ਦੇ ਮਾਧਿਅਮ ਰਾਹੀਂ ਹੀ ਦਿੱਤਾ ਜਾਵੇ।

(vii) ਪਾਠ-ਪੁਸਤਕ, ਲੇਖਕਾਂ ਤੇ ਸੰਪਾਦਕਾਂ ਦੇ ਪੰਡਤਾਊ ਪ੍ਰਦਰਸ਼ਨ ਲਈ ਨਹੀਂ ਹੋਣੀ ਚਾਹੀਦੀ। ਇਹ ਵਿਦਿਆਰਥੀਆਂ ਦੇ ਪ੍ਰਯੋਗ ਲਈ ਹੋਣੀ ਚਾਹੀਦੀ ਹੈ। ਇਸ ਲਈ ਇਸ ਦੀ ਰਚਨਾ ਵਿਚ ਵਿਦਿਆਰਥੀਆਂ ਦੀਆਂ ਭਾਵਨਾਤਮਕ ਤੇ ਮਾਨਸਿਕ ਜ਼ਰੂਰਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ।

(viii) ਅਧਿਆਤਮਕ ਤੇ ਕਾਲਪਨਿਕ ਵਿਸ਼ਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਪਾਠ-ਪੁਸਤਕਾਂ ਵਿਚ ਜਾਦੂ-ਟੂਣਾ, ਭੂਤ-ਪ੍ਰੇਤ ਅਤੇ ਜਿੰਨ ਪਰੀਆਂ ਆਦਿ ਦੀਆਂ ਕਹਾਣੀਆਂ ਨੂੰ ਸ਼ਾਮਿਲ ਨਹੀਂ ਕਰਨਾ ਚਾਹੀਦਾ।

(ix) ਭਾਸ਼ਾ ਦੀ ਪਾਠ-ਪੁਸਤਕ ਦੀ ਵਿਸ਼ਾ ਸਮੱਗਰੀ ਦੀ ਚੋਣ ਦਾ ਗਠਨ ਕਰਨ ਸਮੇਂ ਕ੍ਰਮਬੱਧਤਾ ਤੇ ਮਾਤਰਾ ਦਾ ਧਿਆਨ ਰੱਖਣਾ ਚਾਹੀਦਾ ਹੈ। ਪਾਠਾਂ ਦਾ ਕ੍ਰਮ ਰੁੱਤ ਦੇ ਅਨੁਸਾਰ ਹੋਣਾ ਚਾਹੀਦਾ ਹੈ। ਕਵਿਤਾ, ਕਹਾਣੀ ਤੇ ਨਿਬੰਧ ਆਦਿ ਇਕ ਥਾਂ ਇਕੱਠੇ ਨਹੀਂ ਆਉਣੇ ਚਾਹੀਦੇ।

(x) ਭਾਸ਼ਾ ਸਿੱਖਿਆ ਦੀ ਪਾਠ-ਪੁਸਤਕ ਦੇ ਵਿਸ਼ੇ, ਨੈਤਿਕ ਤੇ ਚਰਿਤਰ ਵਿਕਾਸ ਵਿਚ ਸਹਾਇਕ ਹੋਣੇ ਚਾਹੀਦੇ ਹਨ। ਬੱਚੇ ਦੀ ਸ਼ਖਸੀਅਤ ਦਾ ਸਰਬ-ਪੱਖੀ ਵਿਕਾਸ ਕਰਨਾ ਅਤੇ ਉਸਨੂੰ ਸਮਾਜਿਕ ਤੇ ਰਾਸ਼ਟਰੀ ਵਿਕਾਸ ਵੱਲ ਲੈ ਜਾਣਾ, ਸਿੱਖਿਆ ਦਾ ਇਕ ਮਹਤੱਵਪੂਰਣ ਉਦੇਸ਼ ਹੈ।

(xi) ਵਿਸ਼ੇ-ਸਮੱਗਰੀ ਦੀ ਮਾਤਰਾ ਇੰਨੀ ਹੀ ਹੋਣੀ ਚਾਹੀਦੀ ਹੈ ਜਿੰਨੀ ਨਿਰਧਾਰਿਤ ਸਮੇਂ ਵਿਚ ਸਮਾਪਤ ਹੋ ਸਕੇ। ਸਮੱਗਰੀ ਦੀ ਮਾਤਰਾ ਨਿਸ਼ਚਿਤ ਕਰਨ ਸਮੇਂ, ਭਾਸ਼ਾ ਸਿੱਖਿਆ ਲਈ ਰੱਖੀਆਂ ਗਈਆਂ ਜਮਾਤਾਂ ਦੀ ਗਿਣਤੀ ਨੂੰ ਸਾਮਹਣੇ ਰੱਖਣਾ ਚਾਹੀਦਾ ਹੈ। ਪਾਠ ਜ਼ਿਆਦਾ ਲੰਬੇ ਨਹੀਂ ਹੋਣੇ ਚਾਹੀਦੇ, ਕਿਉਂਕਿ ਜ਼ਿਆਦਾ ਲੰਬੇ ਪਾਠਾਂ ਵਿੱਚ ਵਿਦਿਆਰਥੀ ਰੁਚੀ ਨਹੀਂ ਲੈਂਦੇ।

**1.1.5.2 ਭਾਸ਼ਾ**

ਭਾਸ਼ਾ ਦੀ ਪਾਠ-ਪੁਸਤਕ ਵਿਚ ਭਾਸ਼ਾ ਦਾ ਮਹੱਤਵਪੂਰਨ ਸਥਾਨ ਹੈ। ਢੁੱਕਵੀਂ ਭਾਸ਼ਾ ਦੇ ਪ੍ਰਯੋਗ ਨਾਲ ਖੁਸ਼ਕ ਵਿਸ਼ਿਆ ਨੂੰ ਵੀ ਰੌਚਕ ਬਣਾਇਆ ਜਾ ਸਕਦਾ ਹੈ। ਸ਼ੁੱਧ ਭਾਸ਼ਾ ਦਾ ਗਿਆਨ ਦੇਣਾ, ਪਾਠ-ਪੁਸਤਕ ਦਾ ਮੁੱਖ ਨਿਸ਼ਾਨਾ ਹੋਣਾ ਚਾਹੀਦਾ ਹੈ। ਪੁਸਤਕ ਵਿਚ ਵਰਤੀ ਗਈ ਭਾਸ਼ਾ ਵਿਚ ਹੇਠ ਲਿਖੇ ਗੁਣ ਜ਼ਰੂਰ ਹੋਣੇ ਚਾਹੀਦੇ ਹਨ:

(i) ਭਾਸ਼ਾ ਦੀ ਪਾਠ-ਪੁਸਤਕ ਲਈ ਭਾਸ਼ਾ ਸਰਲ ਅਤੇ ਪ੍ਰਵਾਹ ਪੂਰਵਕ ਹੋਣੀ ਚਾਹੀਦੀ ਹੈ। ਸ਼ਬਦ ਅਜਿਹੇ ਵਰਤੇ ਜਾਣੇ ਚਾਹੀਦੇ ਹਨ ਜੋ ਬੱਚਿਆਂ ਲਈ ਮੁਸ਼ਕਿਲ ਨਾ ਹੋਣ।

(ii) ਪਾਠ-ਪੁਸਤਕ ਦੀ ਭਾਸ਼ਾ ਸਪੱਸ਼ਟ ਤੇ ਸਾਫ ਹੋਣੀ ਚਾਹੀਦੀ ਹੈ। ਪੰਡਤਾਊ ਸ਼ਬਦਾਂ ਵਿਚ ਲੰਬੇ-ਲੰਬੇ ਮਿਸ਼ਰਤ ਵਾਕਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਉਹ ਸ਼ਬਦ ਵਰਤਣੇ ਚਾਹੀਦੇ ਹਨ ਜੋ ਆਮ

ਵਰਤੋਂ ਵਿਚ ਆਉਂਦੇ ਹੋਣ।

(iii) ਭਾਸ਼ਾ ਸਿੱਖਿਆ ਦੁਆਰਾ ਵਿਦਿਆਰਥੀਆਂ ਦੇ ਸ਼ਬਦ ਗਿਆਨ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸ਼ਬਦਾਵਲੀ ਦਾ ਕ੍ਰਮਿਕ ਵਿਕਾਸ ਕੀਤਾ ਜਾਵੇ। ਇਹ ਯੋਜਨਾ ਆਰੰਭ ਤੋਂ ਹੀ ਬਣਾਉਣੀ ਚਾਹੀਦੀ ਹੈ। ਸ਼ਬਦਾਵਲੀ ਦੀ ਚੋਣ ਕਰਦੇ ਸਮੇਂ ਵਿਦਿਆਰਥੀਆਂ ਦੀ ਮਾਨਸਿਕ ਪੱਧਰ, ਸਥਾਨਕ ਸ਼ਬਦ ਉਪਯੋਗਤਾ ਤੇ ਉਚਾਰਣ ਆਦਿ ਦੀ ਕਠਿਆਈ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

(iv) ਔਖੇ, ਅਜਨਬੀ ਤੇ ਗੂੜ ਸ਼ਬਦਾਂ ਦੇ ਅਰਥ ਤੇ ਵਿਆਖਿਆ ਵੀ ਦੇਣੀ ਚਾਹੀਦੀ ਹੈ।

(v) ਕਿਸੇ ਕਵੀ ਜਾਂ ਲੇਖਕ ਦੀ ਰਚਨਾ ਉਸ ਦੀ ਜਾਣ-ਪਛਾਣ, ਭਾਸ਼ਾ ਸ਼ੈਲੀ ਤੇ ਵਿਸ਼ਿਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

(vi) ਹਰ ਇਕ ਪਾਠ ਦੇ ਅੰਤ ਵਿਚ ਵਿਆਕਰਣ, ਸ਼ਬਦਾਵਲੀ ਤੇ ਵਿਸ਼ੇ ਸੰਬੰਧੀ ਪ੍ਰਸ਼ਨ ਹੋਣੇ ਚਾਹੀਦੇ ਹਨ। ਇਨ੍ਹਾਂ ਦੁਆਰਾ ਹੀ ਵਿਦਿਆਰਥੀ ਦੁਹਰਾਈ ਤੇ ਰਚਨਾ ਆਦਿ ਦਾ ਕੰਮ ਕਰ ਸਕਦੇ ਹਨ।

(vii) ਪਾਠ-ਪੁਸਤਕਾਂ ਦੇ ਭਿੰਨ-ਭਿੰਨ ਪਾਠਾਂ ਵਿਚ ਸਰਲ, ਸ਼ੁੱਧ ਅਤੇ ਪ੍ਰਭਾਵਸ਼ਾਲੀ ਸ਼ੈਲੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਸ਼ੈਲੀ ਵਿਚ ਵੱਖਰਾਪਨ ਵਿਚ ਦਿਲਚਸਪੀ ਲੈਂਦੇ ਹਨ। ਇਸ ਲਈ ਆਰੰਭਿਕ ਸ਼੍ਰੇਣੀਆਂ ਵਿਚ ਇਸ ਪ੍ਰਕਾਰ ਦੀ ਸ਼ੈਲੀ ਵਰਤਣੀ ਚਾਹੀਦੀ ਹੈ।

(viii) ਭਾਸ਼ਾ ਸ਼ੈਲੀ ਤੇ ਵਿਆਕਰਣ ਦਾ ਆਪਸੀ ਗੂੜਾ ਸੰਬੰਧ ਹੈ। ਭਾਸ਼ਾ ਦੀ ਪਾਠ-ਪੁਸਤਕ ਵਿਚ ਵਿਸ਼ਰਾਮ-ਚਿੰਨ੍ਹਾਂ, ਸ਼ਬਦ ਜੋੜ ਅਤੇ ਵਿਆਕਰਣਿਕ ਅਸ਼ੁੱਧੀਆਂ ਬਿਲਕੁਲ ਨਹੀਂ ਹੋਣੀਆਂ ਚਾਹੀਦੀਆਂ।

(ix) ਹਰੇਕ ਪਾਠ, ਛੋਟੇ ਛੋਟੇ ਪੈਰ੍ਹਿਆਂ ਵਿਚ ਵੰਡਿਆ ਹੋਣਾ ਚਾਹੀਦਾ ਹੈ ਅਤੇ ਹਰੇਕ ਪੈਰੇ ਵਿਚ ਇਕ ਨਵਾਂ ਵਿਚਾਰ ਹੋਣਾ ਚਾਹੀਦਾ ਹੈ। ਜੋ ਪਿਛਲੇ ਪੈਰੇ ਦੇ ਵਿਚਾਰ ਦੀ ਇਕ ਸੁਭਾਵਿਕ ਕੜੀ ਹੋਵੇ।

(x) ਅੰਤ ਵਿਚ ਪਾਠ ਦੇ ਵਿੱਚ ਆਏ ਅਜਨਬੀ ਤੇ ਨਵੇਂ ਨਾਵਾਂ ਦੀ ਵਿਆਖਿਆ ਵੀ ਹੋਣੀ ਚਾਹੀਦੀ ਹੈ। ਕਈ ਵਾਰ ਰਚਨਾ ਵਿਚ ਅਜਿਹੇ ਔਖੇ ਪ੍ਰਸ਼ਨ ਆਉਂਦੇ ਹਨ, ਜਿਨ੍ਹਾਂ ਤੋਂ ਨਾ ਤਾਂ ਵਿਦਿਆਰਥੀ ਜਾਣੂ ਹੁੰਦੇ ਹਨ ਅਤੇ ਨਾ ਹੀ ਅਧਿਆਪਕ। ਅਜਿਹੀ ਹਾਲਤ ਵਿਚ ਸੰਪਾਦਕ ਨੂੰ ਦੋਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

**1.1.5.3 ਪ੍ਰਕਾਸ਼ਨ ਅਤੇ ਸੰਪਾਦਨ :**

(i) ਸੰਪਾਦਨ ਦਾ ਕੰਮ ਅਤਿਅੰਤ ਮਹੱਤਵਪੂਰਨ ਹੈ। ਉਸ ਨੂੰ ਬਹੁਤ ਸਾਵਧਾਨੀ, ਨਾਲ ਕੰਮ ਕਰਨਾ ਪੈਂਦਾ ਹੈ। ਲੇਖਕ ਦੀਆਂ ਪ੍ਰਤੀਨਿਧ ਰਚਨਾਵਾਂ ਦੀ ਚੋਣ ਦੇ ਨਾਲ ਨਾਲ, ਉਸ ਨੂੰ ਭਿੰਨ ਭਿੰਨ ਲੇਖਕਾਂ ਬਾਰੇ ਵਾਕਫੀਅਤ ਪਾਠਾਂ ਦਾ ਸੰਖੇਪ ਤੇ ਸਾਰ, ਵਿਆਖਿਆ, ਉਦੇਸ਼, ਪ੍ਰਸੰਗ, ਟਿੱਪਣੀਆਂ ਆਦਿ ਵੀ ਲਿਖਣੀਆਂ ਪੈਂਦੀਆਂ ਹਨ। ਇਸ ਲਈ, ਉਸ ਵਿਚ ਸਭ ਕੁਝ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ।

(ii) ਪਾਠ-ਪੁਸਤਕ ਦਾ ਸੰਪਾਦਕ ਕੋਈ ਅਧਿਆਪਕ ਹੋਣਾ ਚਾਹੀਦਾ ਹੈ ਜੋ ਸਕੂਲ ਵਿਚ ਉਸ ਵਿਸ਼ੇ ਨੂੰ ਕਾਫੀ ਸਮੇਂ ਤੋਂ ਪੜ੍ਹਾ ਰਿਹਾ ਹੋਵੇ। ਉਹ ਅਜਿਹਾ ਵਿਅਕਤੀ ਬਿਲਕੁਲ ਨਹੀਂ ਹੋਣਾ ਚਾਹੀਦਾ, ਜਿਸ ਨੂੰ ਪੜ੍ਹਾਉਣ ਦਾ ਅਨੁਭਵ ਜਾਂ ਗਿਆਨ ਨਾ ਹੋਵੇ।

(iii) ਜੇਕਰ ਕਿਸੇ ਕਾਰਨ, ਹੋਰ ਪ੍ਰਕਾਸ਼ਕਾਂ ਦੁਆਰਾ ਛਾਪੀ ਗਈ ਪਾਠ-ਪੁਸਤਕ ਲਗਾਉਣੀ ਪੈ ਜਾਵੇ ਤਾਂ ਉਸਦੀ ਚੋਣ ਗੁਣਾਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ ਨਾ ਕਿ ਲੇਖਕ ਦੇ ਨਾਮ ਆਧਰ ਤੇ।

(vi) ਪਾਠ-ਪੁਸਤਕ ਦੀ ਦੁਹਰਾਈ ਤੇ ਛਪਾਈ, ਜੇ ਹਰ ਸਾਲ ਨਹੀਂ ਤਾਂ ਦੋ ਸਾਲਾਂ ਪਿਛੋਂ ਜ਼ਰੂਰ ਹੋਣੀ

ਚਾਹੀਦੀ ਹੈ। ਦੁਨੀਆਂ ਵਿਚ ਹਰ ਵਿਸ਼ੇ ਬਾਰੇ ਗਿਆਨ, ਹਰ ਦਿਨ ਵੱਧ ਰਿਹਾ ਹੈ। ਉਸਦੇ ਨਾਲ ਚਲਣ ਲਈ ਅਜਿਹਾ ਕਰਨਾ ਜ਼ਰੂਰੀ ਹੈ।

ਪੁਰਾਣੇ ਤੱਥਾਂ ਦੀ ਛਾਂਟੀ ਕਰਕੇ, ਪਾਠ-ਪੁਸਤਕ ਵਿਚ ਸਮੇਂ ਸਮੇਂ ਨਵੇਂ ਤੱਥ ਪਾਉਣੇ ਚਾਹੀਦੇ ਹਨ।

**1.1.5.4 ਛਪਾਈ ਅਤੇ ਆਕਾਰ ਆਦਿਕ :**

(i) ਪਾਠ-ਪੁਸਤਕ ਦਾ ਮੁੱਖ ਪੰਨਾ ਰੰਗੀਨ ਤੇ ਦਿਲ ਖਿਚਵਾਂ ਹੋਣਾ ਚਾਹੀਦਾ ਹੈ।

(ii) ਵਰਤਿਆਂ ਗਿਆ ਕਾਗਜ ਸੁਹਣਾ ਤੇ ਮੋਟਾ ਹੋਵੇ।

(iii) ਮੁੱਢਲੀਆਂ ਸ਼੍ਰੇਣੀਆਂ ਲਈ ਜਿਲਦ ਮਜ਼ਬੂਤ ਤੇ ਰੰਗੀਨ ਹੋਣੀ ਚਾਹੀਦੀ ਹੈ।

(iv) ਅੱਖਰਾਂ ਦਾ ਆਕਾਰ, ਵਿਦਿਆਰਥੀਆਂ ਦੀ ਉਮਰ ਦੇ ਅਨੁਸਾਰ ਹੋਣਾ ਚਾਹੀਦਾ ਹੈ।

(v) ਪੁਸਤਕ ਦਾ ਆਕਾਰ ਦਰਮਿਆਨਾ ਹੋਣਾ ਚਾਹੀਦਾ ਹੈ। ਪਹਿਲੀ ਸ਼੍ਰੇਣੀ ਲਈ ਆਕਾਰ ਵੱਡਾ ਵੀ ਹੋ ਸਕਦਾ ਹੈ।

(vi) ਬੱਚੇ, ਚਿੱਤਰਾਂ ਵੱਲ ਆਕਰਸ਼ਿਤ ਹੁੰਦੇ ਹਨ। ਪਹਿਲੀ ਸ਼੍ਰੇਣੀ ਦੀ ਭਾਸ਼ਾ ਪਾਠ-ਪੁਸਤਕ, ਰੰਗੀਨ ਚਿੱਤਰਾਂ ਨਾਲ ਭਰੀ ਹੋਣੀ ਚਾਹੀਦੀ ਹੈ। ਮਿਡਲ ਸ਼੍ਰੇਣੀਆਂ ਵਿਚ ਰੰਗੀਨ ਚਿੱਤਰਾਂ ਦੀ ਕੋਈ ਲੋੜ ਨਹੀਂ ਹੁੰਦੀ। ਉੱਚ ਸ਼੍ਰੇਣੀਆਂ ਵਿਚ ਕਵੀਆਂ ਤੇ ਲੇਖਕਾਂ ਦੇ ਚਿੱਤਰ, ਪ੍ਰਾਕ੍ਰਿਤਕ ਚਿੱਤਰ, ਮਾਨ ਚਿੱਤਰ ਆਦਿ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਇਸ ਪ੍ਰਕਾਰ ਜੇਕਰ ਪਾਠ-ਪੁਸਤਕਾਂ ਦੀ ਵਿਸ਼ਾ ਸਮੱਗਰੀ ਤੋਂ ਬੱਚਿਆਂ ਦਾ ਚਰਿਤਰ ਨਿਰਮਾਣ ਹੋ ਸਕੇ, ਉਹਨਾਂ ਵਿੱਚ ਦੇਸ਼ ਪ੍ਰੇਮ ਅਤੇ ਵਿਸ਼ਵ ਪ੍ਰੇਮ ਦੀ ਭਾਵਨਾ ਜਾਗਰਿਤ ਕੀਤੀ ਜਾ ਸਕੇ, ਉਨ੍ਹਾਂ ਦੀ ਸ਼ਖਸ਼ੀਅਤ ਦਾ ਸੰਪੂਰਨ ਵਿਕਾਸ ਹੋ ਸਕੇ ਅਤੇ ਉਹਨਾਂ ਨੂੰ ਅਸਲ ਵਿੱਚ ਵਧੀਆ ਨਾਗਰਿਕ ਬਣਾਇਆ ਜਾ ਸਕੇ ਤਾਂ ਹੀ ਉਨ੍ਹਾਂ ਨੂੰ ਚੰਗੀਆਂ ਪਾਠ-ਪੁਸਤਕਾਂ ਸਮਝਿਆ ਜਾ ਸਕਦਾ ਹੈ। ਇਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪੂਰਾ ਕਰਨ ਵਾਲੀ ਪੁਸਤਕ ਹੀ ਇਹ ਚੰਗੀ ਪੁਸਤਕ ਕਹਾਉਂਦੀ ਹੈ।

**1.1.6 ਸਾਰ :**

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪਾਠ-ਪੁਸਤਕ ਦਾ ਆਪਣੇ ਆਪ ਵਿੱਚ ਬਹੁਤ ਮਹੱਤਵ ਹੈ। ਭਾਸ਼ਾ ਸਿੱਖਿਆ ਵਿੱਚ ਭਾਸ਼ਾ ਤੇ ਸ਼ਬਦਾਵਲੀ ਦਾ ਪੱਧਰ ਨਿਸ਼ਚਿਤ ਕਰਨ, ਗਿਆਨ ਦਾ ਪੱਧਰ ਨਿਸ਼ਚਿਤ ਕਰਨ, ਅਧਿਆਪਕਾਂ ਤੇ ਮਾਪਿਆਂ ਸਾਹਮਣੇ ਨਿਸ਼ਾਨੇ ਮਿੱਥਣਾ, ਵਿਦਿਆਰਥੀਆਂ ਵਿੱਚ ਪੜ੍ਹਨ ਤੇ ਅਭਿਆਸ ਦੇ ਵਧੇਰੇ ਮੌਕੇ ਪ੍ਰਦਾਨ ਕਰਨ, ਮੌਲਿਕ ਚਿੰਤਨ ਲਈ ਪ੍ਰੇਰਨਾ ਦੇਣ ਲਈ ਪਾਠ ਪੁਸਤਕਾਂ ਬਹੁਤ ਸਹਾਇਤਾ ਕਰਦੀਆਂ ਹਨ। ਸਾਡੀ ਸਿੱਖਿਆ ਪ੍ਰਣਾਲੀ ਨੂੰ ਇਹਨਾਂ ਦੀ ਬਹੁਤ ਜ਼ਰੂਰਤ ਹੈ, ਪਾਠ-ਪੁਸਤਕ ਸਿੱਖਿਆ ਦਾ ਫੈਲਾਅ ਕਰਨ ਵਿੱਚ ਸਹਾਇਤਾ ਕਰਦੀ ਹੈ। ਇਹ ਸਿੱਖਿਆ ਦਾ ਸਸਤਾ ਤੇ ਵਧੀਆ ਸਾਧਨ ਹੈ। ਲੋੜ ਸਿਰਫ ਇਸ ਗੱਲ ਦੀ ਹੈ ਕਿ ਪਾਠ-ਪੁਸਤਕਾਂ ਦਾ ਨਿਰਮਾਣ ਸਾਵਧਾਨੀ ਨਾਲ ਕੀਤੀ ਜਾਵੇ। ਬੱਚਿਆਂ ਦੀ ਲੋੜ ਤੇ ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖਿਆ ਜਾਵੇ। ਯੂਨੀਵਰਸਿਟੀਆਂ ਤੇ ਸਿੱਖਿਆ ਬੋਰਡਾਂ ਦੁਆਰਾ ਪਾਠ-ਪੁਸਤਕਾਂ ਦੇ ਨਿਰਮਾਣ ਸਮੇਂ, ਸੰਬੰਧਿਤ ਖੇਤਰਾਂ ਵਿੱਚੋਂ ਵਿਸ਼ੇਸ਼ਗ ਤੇ ਅਧਿਆਪਕਾਂ ਦਾ ਸਹਿਯੋਗ ਲਿਆ ਜਾਵੇ। ਸਮੇਂ-ਸਮੇਂ ਤੇ ਪਾਠ-ਪੁਸਤਕਾਂ ਦੇ ਵਿਸ਼ੇ ਵਸਤੂ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਜਾਵੇ। ਸਿੱਖਿਆ ਇੱਕ ਗਤੀਸ਼ੀਲ ਪ੍ਰਕਿਰਿਆ ਹੈ ਇਸ ਦੇ ਉਦੇਸ਼ ਤੇ ਨਿਸ਼ਾਨੇ ਸਮੇਂ ਦੇ ਨਾਲ-ਨਾਲ ਬਦਲਦੇ ਰਹਿੰਦੇ ਹਨ। ਪਾਠ-ਪੁਸਤਕ ਦੀ ਵਰਤੋਂ ਕਰਦੇ ਸਮੇਂ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਪਾਠ-ਪੁਸਤਕ ਭਾਸ਼ਾ ਸਿੱਖਿਆ ਦਾ ਇੱਕ ਸਹਾਇਕ ਸਾਧਨ ਹੀ ਹੈ, ਉਦੇਸ਼ਾਂ ਦੀ ਪ੍ਰਾਪਤੀ ਲਈ ਅਧਿਆਪਕਾ ਨੂੰ ਪਾਠ-ਪੁਸਤਕ ਦੀ ਵਰਤੋਂ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ।

**1.1.7 ਅਭਿਆਸੀ ਪ੍ਰਸ਼ਨ :**

(1) ਪਾਠ-ਪੁਸਤਕ ਤੋਂ ਕੀ ਭਾਵ ਹੈ ?

(2) ਪਾਠ-ਪੁਸਤਕ ਲੰਗੜੇ ਅਧਿਆਪਕ ਦੀ ਡੰਗੋਰੀ ਹੁੰਦਾ ਹੈ? ਸਪੱਸ਼ਟ ਕਰੋ।

(3) ਮਾਤ-ਭਾਸ਼ਾ ਵਿਚ ਪਾਠ-ਪੁਸਤਕਾਂ ਦਾ ਕੀ ਮਹੱਤਵ ਹੈ ?

(4) ਚੰਗੀ ਪਾਠ ਪੁਸਤਕ ਵਿੱਚ ਕੀ-ਕੀ ਗੁਣ ਹੋਣੇ ਚਾਹੀਦੇ ਹਨ? ਵੇਰਵਾ ਦਿਓ।

### 1.1.8 ਅਭਿਆਸੀ ਪੁਸਤਕਾਂ

1. ਇੰਦਰ ਦੇਵ ਨੰਦਰਾ : ਆਧੁਨਿਕ ਪੰਜਾਬੀ ਅਧਿਆਪਨ
2. ਡਾ. ਜਸਵੰਤ ਸਿੰਘ ਜਸ : ਮਾਤ-ਭਾਸ਼ਾ ਦੀ ਸਿੱਖਿਆ ਵਿਧੀ
3. ਡਾ. ਰਘੂਨਾਥ ਸਫਾਇਆ : ਮਾਤ-ਭਾਸ਼ਾ ਦੀ ਸਿੱਖਿਆ

ਪਾਠ ਨੰ: 1.2 ਲੇਖਿਕਾ : ਡਾ. ਮਨਜੀਤ ਕੌਰ

## ਕਵਿਤਾ ਉਦੇਸ਼ ਅਤੇ ਪ੍ਰਮੁੱਖ ਵਿਧੀਆਂ

1.2.0 ਬਣਤਰ

1.2.1 ਉਦੇਸ਼

1.2.2 ਜਾਣ-ਪਛਾਣ

1.2.3 ਕਵਿਤਾ ਦੀ ਪੜ੍ਹਾਈ ਦੇ ਉਦੇਸ਼

1.2.4 ਕਵਿਤਾ ਦੀ ਪੜ੍ਹਾਈ ਦੀਆਂ ਵਿਧੀਆਂ

- 1.2.4.1 ਗੀਤ ਪ੍ਰਣਾਲੀ
- 1.2.4.2 ਸ਼ਬਦਾਰਥ ਪ੍ਰਣਾਲੀ
- 1.2.4.3 ਵਿਆਖਿਆ ਪ੍ਰਣਾਲੀ
  - 1.2.4.3.1 ਕਥਾ ਜਾਂ ਵਿਕਾਸ ਪ੍ਰਣਾਲੀ
  - 1.2.4.3.2 ਤੁਲਣਾ ਪ੍ਰਣਾਲੀ
  - 1.2.4.3.3 ਸਮੀਖਿਆ ਪ੍ਰਣਾਲੀ

1.2.5 ਕਵਿਤਾ ਪੜ੍ਹਾਉਣ ਦਾ ਸਫਲ ਢੰਗ

1.2.6 ਸੁਝਾਏ ਪ੍ਰਸ਼ਨ

1.2.7 ਸੁਝਾਈ ਪੁਸਤਕ ਸੂਚੀ

### 1.2.1 ਉਦੇਸ਼:

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਜਾਣਨ ਯੋਗ ਹੋ ਜਾਣਗੇ ਕਿ:

1. ਕਵਿਤਾ ਕੀ ਹੈ।
2. ਕਵਿਤਾ ਪੜਾਉਣ ਦੀਆਂ ਕੀ ਕੀ ਵਿਧੀਆਂ ਹਨ।
3. ਕਵਿਤਾ ਪੜ੍ਹਾਉਣ ਦਾ ਸਫਲ ਢੰਗ ਕੀ ਹੈ।

### 1.2.2 ਜਾਣ-ਪਛਾਣ:

ਕਵਿਤਾ ਲਲਿਤ ਸਾਹਿਤ ਦਾ ਇੱਕ ਹਿੱਸਾ ਹੈ। ਕਵਿਤਾ ਦਾ ਸੰਬੰਧ ਮਨੁੱਖੀ ਹਿਰਦੇ ਦੇ ਮਨੋਭਾਵਾਂ ਤੇ ਵਲਵਲਿਆਂ ਨਾਲ ਹੈ। ਆਪਣੇ ਮਨ ਦੇ ਕੋਮਲ ਭਾਵਾਂ ਨੂੰ ਪ੍ਰਗਟਾਉਣ ਲਈ ਮਨੁੱਖ ਕਵਿਤਾ ਦਾ ਸਹਾਰਾ ਲੈਂਦਾ ਹੈ। ਕਵਿਤਾ ਨੂੰ ਮਨੁੱਖੀ ਰੂਹ ਦੀ ਬੋਲੀ ਤੇ ਆਤਮਾ ਦਾ ਪ੍ਰਕਾਸ਼ ਮੰਨਿਆ ਜਾਂਦਾ ਹੈ। ਕਵੀ ਆਪਣੇ ਜੀਵਨ ਤਜਰਬੇ ਨੂੰ ਆਪਣੇ ਮਨੋਭਾਵਾਂ, ਵਿਚਾਰਾਂ, ਅਨੁਭਵਾਂ, ਉਦਗਾਰਾਂ, ਵਲਵਲਿਆਂ, ਮਨੋ ਤਰੰਗਾਂ ਤੇ ਮਨੋਵੇਗ ਨੂੰ ਮਿੱਠੀ ਛਨਕਾਰੀ ਰਾਹੀਂ ਪ੍ਰਗਟਾਉਂਦਾ ਹੈ। ਕਵਿਤਾ ਵਿੱਚ ਬੁੱਧੀ ਨਾਲੋਂ ਭਾਵਾਂ ਦੀ ਪ੍ਰਧਾਨਤਾ ਜ਼ਿਆਦਾ ਹੁੰਦੀ ਹੈ। ਕਵਿਤਾ ਦੀ ਪ੍ਰਕ੍ਰਿਤੀ ਭਾਵਕ, ਤੀਬਰ ਤੇ ਵਧੇਰੇ ਡੂੰਘੀ ਹੁੰਦੀ ਹੈ। ਕਵਿਤਾ ਮਨੁੱਖੀ ਭਾਵਾਂ ਦਾ ਉਹ ਵਹਿਣ ਹੈ ਜੋ ਬੁੱਧੀ ਨੂੰ ਨਹੀਂ ਮਨੁੱਖੀ ਦਿਲ ਨੂੰ ਪ੍ਰਭਾਵਿਤ ਕਰਦਾ ਹੈ। ਕਵਿਤਾ ਮਨੁੱਖੀ ਦਿਲ ਦੀ ਬੋਲੀ ਹੈ। ਭਾਈ ਵੀਰ ਸਿੰਘ ਅਨੁਸਾਰ 'ਕਵਿਤਾ ਕੋਈ ਫਲਸਫੀ ਚੀਜ਼ ਨਹੀਂ ਉਚੇ ਨਛੱਤਰੀ ਵਸਣ ਵਾਲੀ ਦੇਵੀ

ਹੈ। ਨਿਰੋਲ ਵਲਵਲੇ ਦੇ ਦੇਸ਼ ਦੀ ਉਪਜ ਹੈ, ਜਿੱਥੇ ਬੁੱਧੀ ਮੰਡਲ ਦੀ ਪਕੜ ਖ਼ਤਮ ਹੋ ਜਾਂਦੀ ਹੈ। ਕਵਿਤਾ ਵਿੱਚ ਰਾਗਮਈ ਅੰਸ਼ ਦੀ ਹੋਂਦ ਹੋਣੀ ਜ਼ਰੂਰੀ ਹੈ। ਤੀਖਣ ਤੇ ਤੀਬਰ ਦਿਲੀ ਧੜਕਨਾਂ ਵਿੱਚ ਮਨੁੱਖੀ ਭਾਵ ਰਾਗਮਈ ਹੋ ਜਾਂਦੇ ਹਨ। ਇਸ ਲਈ ਪ੍ਰੋ: ਪੂਰਨ ਸਿੰਘ ਅਨੁਸਾਰ ਕਵਿਤਾ ਪਿਆਰ ਵਿਚ ਮੋਏ ਬੰਦਿਆਂ ਦੇ ਬਚਨਾਂ ਤੋਂ ਛੁਟ ਹੋਰ ਕੁੱਝ ਵੀ ਨਹੀਂ ਹੈ। ਪ੍ਰਸਿੱਧ ਮਨੋਵਿਗਿਆਨਕ ਯੰਗ ਅਨੁਸਾਰ ਕਵਿਤਾ ਹਰ ਪ੍ਰਕਾਰ ਦੀ ਮਨੁੱਖੀ ਸ਼ਖਸੀਅਤ ਨੂੰ ਉਸਾਰਨ ਦਾ ਮੌਕਾ ਦਿੰਦੀ ਹੈ। ਕਵਿਤਾ ਅੰਤਰਮੁੱਖੀ ਸ਼ਖਸ਼ੀਅਤਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਦੇ ਅਵਸਰ ਦਿੰਦੀ ਹੈ। ਕਵਿਤਾ ਬਾਹਰ ਮੁੱਖੀ ਪ੍ਰਗਟਾਅ ਲਈ ਲੋੜੀਂਦਾ ਸਾਧਨ ਬਣਦਾ ਹੈ। ਕਵਿਤਾ ਆਪਣੇ ਆਪ ਖੁਸ਼ੀ ਦਾ ਸੋਮਾ ਹੈ, ਜੋ ਸਾਨੂੰ ਜ਼ਿੰਦਗੀ ਦੀਆਂ ਵਿਸ਼ਾਲ ਡੂੰਘਿਆਈਆਂ ਲਈ ਤਿਆਰ ਕਰਦੀ ਹੈ। ਹੈਜ਼ਲਿਟ ਅਨੁਸਾਰ ਕਵਿਤਾ ਕਲਪਨਾ ਤੇ ਮਨੋਭਾਵਾਂ ਦੀ ਭਾਸ਼ਾ ਹੈ। ਜੋਨਸਵ ਅਨੁਸਾਰ ਕਵਿਤਾ 'ਦਲੀਲ ਨੂੰ ਸੋਚ ਉਡਾਰੀ ਦੇ ਖੰਭ ਲਾਉਣ ਦਾ ਸਾਧਨ ਹੈ।'

ਕਵਿਤਾ ਦਾ ਸੰਬੰਧ ਮਨੁੱਖ ਦੇ ਮਨੋਭਾਵ ਤੇ ਵਲਵਲਿਆਂ ਨਾਲ ਹੈ। ਇਸੇ ਲਈ ਕਿਹਾ ਗਿਆ ਹੈ 'ਵਿਯੋਗੀ ਹੋ ਗਾ ਪਹਿਲ ਕਵੀ ਆਹ ਸੇ ਉਪਜਾ ਹੋਗਾ ਗਾਨ' ਇਹ ਮਨੁੱਖੀ ਦਿਲ ਤੇ ਰੂਹ ਦੀ ਬੋਲੀ ਹੈ। ਇਸ ਲਈ ਕਵਿਤਾ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ। ਕਵਿਤਾ ਦੀ ਪੜ੍ਹਾਈ ਦਾ ਉਦੇਸ਼ ਕਵੀ ਦੀ ਭਾਵੁਕਤਾ ਨਾਲ ਸਾਂਝ ਪਾਉਣਾ ਹੁੰਦਾ ਹੈ। ਅਸਲ ਵਿੱਚ ਕਵੀ ਅਤੇ ਬੱਚਿਆਂ ਵਿਚਲੀ ਸਾਂਝ ਹੀ ਇਹੋ ਹੈ, ਕਿ ਦੋਵੇਂ ਭਾਵਾਂ ਦੀ ਦੁਨੀਆਂ ਵਿਚ ਵਿਚਾਰਦੇ ਹਨ, ਕਲਪਨਾ ਨਾਲ ਅਣਹੋਣੀਆਂ ਹੋਣੀਆਂ ਵਿਚ ਬਦਲ ਦਿੰਦੇ ਹਨ। ਅਧਿਆਪਕ ਦਾ ਫਰਜ਼ ਹੈ ਕਿ ਉਹ ਬੱਚਿਆਂ ਵਿਚ ਕਵਿਤਾ ਲਈ ਪਿਆਰ ਅਤੇ ਸ਼ੋਕ ਪੈਦਾ ਕਰੇ। ਸ਼ੋਕ ਤੋਂ ਬਿਨਾਂ ਬੱਚਾ ਕਵਿਤਾ ਦੀ ਪੜ੍ਹਾਈ ਠੀਕ ਤਰ੍ਹਾਂ ਨਹੀਂ ਕਰ ਸਕੇਗਾ, ਕਵਿਤਾ ਪੜ੍ਹ ਕੇ ਰਸ ਤੇ ਖੁਸ਼ੀ ਨਹੀਂ ਮਾਣ ਸਕੇਗਾ।

### 1.2.3 ਕਵਿਤਾ ਪੜ੍ਹਾਈ ਦੇ ਉਦੇਸ਼:

ਅਧਿਆਪਕ ਨੂੰ ਕਵਿਤਾ ਪੜ੍ਹਾਂਉਣ ਤੋ ਪਹਿਲਾ ਹੇਠ ਲਿਖੇ ਉਦੇਸ਼ ਮਿਥਣੇ ਚਾਹੀਦੇ ਹਨ।

(i) ਵਿਦਿਆਰਥੀਆਂ ਦੀ ਕਲਪਨਾ ਸ਼ਕਤੀ ਦਾ ਵਿਕਾਸ ਕਰਨਾ।

(ii) ਉਹਨਾਂ ਵਿਚ ਸੁਹਜਾਤਮਿਕਤਾ ਦਾ ਵਿਕਾਸ ਕਰਨਾ।

(iii) ਉਨ੍ਹਾਂ ਵਿਚ ਵਾਕ ਸੁੰਦਰਤਾ ਪਰਖਣ ਦੀ ਯੋਗਤਾ ਵਿਕਸਤ ਕਰਨਾ

(iv) ਵਿਦਿਆਰਥੀਆਂ ਵਿਚ ਸਵਰ ਪ੍ਰਵਾਹ ਤੇ ਭਾਵ ਅਨੁਸਾਰ ਕਵਿਤਾ ਪਾਠ ਕਰਨ ਦੀ ਯੋਗਤਾ ਵਿਕਸਿਤ ਕਰਨਾ।

(v) ਵਿਦਿਆਰਥੀਆਂ ਨੂੰ ਭਿੰਨ ਭਿੰਨ ਸ਼ਬਦ ਸ਼ੈਲੀਆਂ ਸ਼ਬਦ ਯੋਜਨਾਂ, ਛੰਦਾਂ, ਅਧੁੰਕਾਰਾਂ ਤੇ ਰਸਾ ਦਾ ਗਿਆਨ ਪ੍ਰਦਾਨ ਕਰਨਾ।

(vi) ਉਨ੍ਹਾਂ ਨੂੰ ਭਿੰਨ ਭਿੰਨ ਸੈਲੀਆਂ ਦਾ ਗਿਆਨ ਪ੍ਰਦਾਨ ਕਰਨਾ।

(vii) ਉਨ੍ਹਾਂ ਵਿਚ ਸਿਰਜਨਾਤਮਿਕ ਰੁਚੀਆਂ ਵਿਕਸਿਤ ਕਰਕੇ ਕਾਵਿ-ਅਧਿਐਨ ਦੀ ਰੁਚੀ ਵਿਚ ਕਰਨਾ।

(viii) ਕਵੀ ਦੁਆਰਾ ਦਿੱਤੇ ਗਏ ਸੰਦੇਸ਼ ਨੂੰ ਵਿਦਿਆਰਥੀਆਂ ਤੱਕ ਪਹੁੰਚਾਣਾ।

(ix) ਵਿਦਿਆਰਥੀ ਕਵਿਤਾ ਵਿਚ ਕੀਤੀ ਗਈ ਜੀਵਨ ਸੰਬੰਧੀ ਅਲੋਚਨਾ ਨੂੰ ਸਮਝ ਸਕਣਾ।

(x) ਕਵਿਤਾ ਦਾ ਸਾਰ ਆਪਣੇ ਸ਼ਬਦਾ ਵਿਚ ਲਿਖ ਸਕਣ ਦੇ ਯੋਗ ਬਣਾਉਣੀ।

### 1.2.4 ਕਵਿਤਾ ਪੜ੍ਹਾਈ ਦੀਆਂ ਵਿਧੀਆਂ

ਕਵਿਤਾ ਪੜਾਉਣ ਦੀ ਵਿਧੀ ਦੀ ਚੋਣ ਬੱਚਿਆਂ ਦੇ ਪੱਧਰ, ਕਵਿਤਾ ਦੀਆਂ ਭਾਵੁਕ ਲੋੜਾਂ ਅਤੇ ਅਧਿਆਪਕਾਂ ਦੇ ਨਿੱਜੀ ਦ੍ਰਿਸ਼ਟੀਕੋਣ ਉੱਤੇ ਨਿਰਭਰ ਕਰਦੀ ਹੈ। ਹੈਡੋ ਦੇ ਕਥਨ ਅਨੁਸਾਰ ਜਿਵੇਂ ਹਰੇਕ ਵਿਅਕਤੀ ਦਾ ਪਿਆਰ ਕਰਨ ਦਾ ਢੰਗ ਆਪੋ ਆਪਣਾ ਹੁੰਦਾ ਹੈ। ਉਸੇ ਤਰ੍ਹਾਂ ਕਵਿਤਾ ਪੜ੍ਹਾਉਣ ਦਾ ਢੰਗ ਵੀ ਆਪੋ ਅਪਣੇ ਹੀ ਹੁੰਦਾ ਹੈ। ਕਵਿਤਾ ਦੀ ਪੜ੍ਹਾਈ ਦਾ ਮੁੱਖ ਉਦੇਸ਼ ਕਵਿਤਾ ਵਿਚ ਦਿੱਤੇ ਹੋਏ ਕਾਵਿ ਦੇ ਭਾਵਾਂ ਨੂੰ ਬੱਚਿਆਂ ਤੱਕ ਪਹੁੰਚਾਉਣਾ ਹੈ। ਕਿਸੇ ਕਵਿਤਾ ਵਿਚ ਕਿਸ ਪ੍ਰਕਾਰ ਦੇ ਭਾਵ ਹਨ ਅਤੇ ਇਹ ਭਾਵ ਕਿਸ ਢੰਗ ਦੁਆਰਾ ਸੋਖੇ ਤੇ ਸਰਲ ਰੂਪ ਵਿਚ ਬੱਚਿਆਂ ਤੱਕ ਪਹੁੰਚਾਏ ਜਾ ਸਕਦੇ ਹਨ, ਇਹ ਦੇਖਣਾ ਅਧਿਆਪਕ ਦਾ ਫਰਜ਼ ਹੈ। ਅਧਿਆਪਕ ਆਪ ਭਾਵਾਂ ਨੂੰ ਸਮਝ ਕੇ ਬੱਚਿਆਂ ਨੂੰ

ਠੀਕ ਢੰਗ ਨਾਲ ਅਨੁਭਵ ਕਰਨ ਲਈ ਯੋਗ ਵਿਧੀ ਦੀ ਚੋਣ ਕਰ ਸਕਦਾ ਹੈ। ਭਾਵਾਂ ਅਨੁਸਾਰ ਕਵਿਤਾਵਾਂ ਨੂੰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਅਤੇ ਉਸਦੇ ਅਨੁਸਾਰ ਹੀ ਪੜ੍ਹਾਉਣ ਵਿਧੀ ਚੁਣੀ ਜਾ ਸਕਦੀ ਹੈ।

**1.2.4.1. ਗੀਤ ਪ੍ਰਣਾਲੀ :**

ਗੀਤ ਪ੍ਰਣਾਲੀ ਵਿਧੀ ਰਾਹੀਂ ਕਵਿਤਾ ਦੀ ਪੜ੍ਹਾਈ ਕਰਵਾਉਣ ਲਈ ਅਧਿਆਪਕ ਪਹਿਲਾਂ ਆਪ ਗਾ ਕੇ ਬੱਚਿਆਂ ਨੂੰ ਕਵਿਤਾ ਸੁਣਾਉਂਦਾ ਹੈ। ਫਿਰ ਬੱਚਿਆਂ ਤੋਂ ਸੁਰ ਤਾਲ ਦੀਆਂ ਲੋੜਾਂ ਅਨੁਸਾਰ ਕਵਿਤਾ ਸੁਣਦਾ ਹੈ। ਇਹ ਪ੍ਰਣਾਲੀ ਛੋਟੇ ਬੱਚਿਆਂ ਲਈ ਵਧੇਰੇ ਲਾਭਦਾਇਕ ਹੈ। ਪ੍ਰਾਇਮਰੀ ਪੱਧਰ ਤੱਕ ਬੱਚਿਆਂ ਨੂੰ ਗੀਤ ਪ੍ਰਣਾਲੀ ਵਿਧੀ ਰਾਹੀਂ ਕਵਿਤਾ ਪੜ੍ਹਾਈ ਜਾਣੀ ਬੜੀ ਲਾਭਦਾਇਕ ਸਿੱਧ ਹੁੰਦੀ ਹੈ। ਇਸ ਉਮਰ ਵਿੱਚ ਬੱਚੇ ਕਵਿਤਾ ਦੇ ਭਾਵ ਅਰਥ ਨਹੀਂ ਸਮਝ ਸਕਦੇ ਤੇ ਨਾ ਹੀ ਅਧਿਆਪਕ ਦਾ ਉਦੇਸ਼ ਹੁੰਦਾ ਹੈ ਕਿ ਉਹ ਕਵਿਤਾ ਦੇ ਅਰਥ ਸਮਝਾਵੇ। ਪ੍ਰਾਇਮਰੀ ਪੱਧਰ ਤਕ ਤਾਂ ਕਵਿਤਾ ਪੜ੍ਹਾਈ ਦਾ ਉਦੇਸ਼ ਬੱਚਿਆਂ ਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਆਮ ਤੋਰ ਤੇ ਛੋਟੇ-ਛੋਟੇ ਬੱਚੇ ਗਰੁੱਪ ਬਣਾ ਕੇ ਕਵਿਤਾ ਗਾਉਂਦੇ ਹਨ। ਗਾਉਣ ਦੇ ਨਾਲ-ਨਾਲ ਛੋਟੇ ਬੱਚੇ ਸਰੀਰਕ ਕਾਰਜ ਕਰਕੇ ਵੀ ਖੁਸ਼ੀ ਅਨੁਭਵ ਕਰਦੇ ਹਨ, ਗੀਤ ਦੇ ਨਾਲ-ਨਾਲ ਹੱਥਾਂ ਨਾਲ ਤਾਲੀਆਂ ਵਜਾਉਣੀਆਂ ਜਾਂ ਹੱਥਾਂ ਨਾਲ ਹੋਰ ਇਸ਼ਾਰੇ ਕਰਨੇ ਬੱਚਿਆਂ ਦੇ ਸੁਭਾਅ ਅਨੁਕੂਲ ਹੁੰਦੇ ਹਨ। ਅਜਿਹੇ ਸਰੀਰਕ ਕਾਰਜ ਕਰਕੇ ਬੱਚਿਆਂ ਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸੋਖੇ-ਸੋਖੇ ਲੋਕ ਨਾਚ ਤੇ ਕ੍ਰਿਆ ਗੀਤ ਸਿਖਾਏ, ਤੇ ਜਮਾਤ ਵਿਚ ਉਨਾ ਦਾ ਅਭਿਆਸ ਬੱਚਿਆਂ ਤੋਂ ਕਰਵਾਏ। ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਸਾਡੇ ਦੇਸ਼ ਵਿੱਚ ਬੱਚਿਆਂ ਵਿਚ ਕਵਿਤਾ ਲਈ ਸ਼ੋਕ ਪੈਦਾ ਕਰਨ ਲਈ ਅਧਿਆਪਕ ਬਹੁਤ ਘੱਟ ਰੁਚੀ ਰੱਖਦੇ ਹਨ। ਸਾਡੇ ਸਰਕਾਰੀ ਸਕੂਲਾਂ ਵਿੱਚ ਤਾਂ ਇਸ ਪਾਸੇ ਵੱਲ ਬਿਲਕੁੱਲ ਧਿਆਨ ਨਹੀਂ ਦਿੱਤਾ ਜਾਂਦਾ। ਪਬਲਿਕ ਸਕੂਲਾਂ ਤੇ ਹੋਰ ਛੋਟੇ-ਛੋਟੇ ਗੈਰ-ਸਰਕਾਰੀ ਸਕੂਲਾਂ ਵਿਚ ਕਵਿਤਾ ਦੀਆਂ ਰੁਚੀਆਂ ਉਜਾਗਰ ਕਰਨ ਲਈ ਬੱਚਿਆਂ ਨੂੰ ਸਕੂਲ ਵਿਚ ਦਾਖਲ ਹੋਣ ਤੋਂ ਬਾਅਦ ਹੀ ਕਵਿਤਾਵਾਂ ਸਿਖਾਈਆਂ ਜਾਂਦੀਆਂ ਹਨ। ਲਿਖਣ ਪੜ੍ਹਨ ਦਾ ਕੰਮ ਬਾਅਦ ਵਿਚ ਸ਼ੁਰੂ ਹੁੰਦਾ ਹੈ। ਪੱਛਮੀ ਦੇਸ਼ਾਂ ਵਿਚ ਇਸ ਰੁਚੀ ਵੱਲ ਧਿਆਨ ਦਿੱਤਾ ਜਾਂਦਾ ਹੈ। ਜੇ ਸ਼ੁਰੂ ਤੋਂ ਹੀ ਬੱਚੇ ਕਵਿਤਾ ਦਾ ਰਸ ਮਾਨਣ ਦੇ ਯੋਗ ਹੋ ਸਕਣ ਤਾਂ ਵੱਡੇ ਹੋਕੇ ਉਹਨਾਂ ਦੀ ਇਹ ਰੁਚੀ ਜ਼ਿੰਦਗੀ ਭਰ ਉਹਨਾਂ ਦੇ ਨਾਲ ਨਿਭੇਗੀ। ਗੀਤ ਪ੍ਰਣਾਲੀ ਵਿਧੀ ਰਾਹੀਂ ਅਧਿਆਪਕ ਬੱਚਿਆਂ ਵਿਚ ਕਵਿਤਾ ਦੇ ਸ਼ੋਕ ਤੇ ਪਿਆਰ ਪੇਦਾ ਕਰ ਸਕਦਾ ਹੈ, ਸ਼ੋਕ ਤੋਂ ਬਿਨ੍ਹਾਂ ਬੱਚਾ ਕਵਿਤਾ ਦੀ ਪੜ੍ਹਾਈ ਨਾਲ ਇਨਸਾਫ ਨਹੀਂ ਕਰ ਸਕੇਗਾ। ਕਵਿਤਾ ਪੜ੍ਹਕੇ ਰਸ ਤੇ ਖੁਸ਼ੀ ਨਹੀਂ ਮਾਣ ਸਕੇਗਾ। ਬੱਚਿਆਂ ਲਈ ਹਲਕੇ-ਫੁਲਕੇ ਗੀਤ, ਲੋਕ-ਗੀਤ ਤੇ ਕਾਰਜ਼ੀ ਗੀਤਾਂ ਦੀ ਚੋਣ ਕਰਨਾ ਅਧਿਆਪਕਾਂ ਦਾ ਫਰਜ਼ ਬਣਦਾ ਹੈ। ਅਧਿਆਪਕ ਇਹਨਾਂ ਗੀਤਾਂ ਨੂੰ ਇੱਕਤਰ ਕਰਕੇ, ਬੱਚਿਆਂ ਸਾਹਮਣੇ ਇਹਨਾਂ ਦਾ ਪਾਠ ਕਰਕੇ, ਇਸ਼ਾਰਿਆਂ ਨਾਲ ਬੱਚਿਆਂ ਨੂੰ ਕਵਿਤਾ ਦੀ ਪੜ੍ਹਾਈ ਕਰਵਾਏ ਤਾਂ ਜੋ ਬੱਚਿਆਂ ਅੰਦਰ ਕਵਿਤਾ ਲਈ ਰੁਚੀ ਪੈਦਾ ਹੋਵੇ।

**1.2.4.2. ਸ਼ਬਦਾਰਥ ਪ੍ਰਣਾਲੀ :**

ਸਾਡੇ ਸਕੂਲਾਂ ਵਿਚ ਕਵਿਤਾ ਪੜ੍ਹਾਉਣ ਲਈ ਇਹ ਢੰਗ ਵਧੇਰੇ ਪ੍ਰਚਲਿਤ ਹੈ। ਇਸ ਢੰਗ ਦੇ ਅਨੁਸਾਰ ਕਵਿਤਾ ਪੜ੍ਹਨ ਸਮੇਂ ਸ਼ਬਦਾਂ ਦੇ ਅਰਥ ਕਰਨ ਉੱਤੇ ਜ਼ੋਰ ਦਿੱਤਾ ਹੈ। ਕਵਿਤਾ ਸਮੁੱਚੇ ਰੂਪ ਵਿਚ ਨਹੀਂ ਪੜ੍ਹਾਈ ਜਾਂਦੀ। ਅਧਿਆਪਕ ਇਕ-ਇਕ ਲਾਈਨ ਪੜ੍ਹਦਾ ਹੈ ਤੇ ਉਸ ਲਾਈਨ ਵਿਚਲੇ ਸ਼ਬਦਾਂ ਦੇ ਅਰਥ ਦੱਸ ਦਿੰਦਾ ਹੈ, ਜਾਂ ਬਲੈਕ ਬੋਰਡ ਤੇ ਲਿਖ ਦਿੰਦਾ ਹੈ। ਇਸ ਤਰ੍ਹਾਂ ਸ਼ਬਦਾਂ ਦੇ ਅਰਥ ਦੱਸਕੇ ਸਾਰੀ ਲਾਈਨ ਦਾ ਅਰਥ ਕਰ ਦਿੱਤਾ ਜਾਂਦਾ ਹੈ। ਅੰਤ ਵਿਚ ਸਾਰੇ ਪੈਰ੍ਹੈ ਦਾ ਸਮਭਾਵ ਕਰ ਦਿੱਤਾ ਜਾਂਦਾ ਹੈ। ਕਵਿਤਾ ਪੜ੍ਹਾਉਣ ਦਾ ਇਹ ਢੰਗ ਬਹੁਤ ਹੀ ਘਟੀਆ ਮੰਨਿਆਂ ਜਾਂਦਾ ਹੈ, ਕਿਉਂਕਿ ਇਕ ਇਕ ਸਤਰ ਪੜ੍ਹਕੇ ਕਵਿਤਾ ਦਾ ਸਾਰਾ ਰਸ ਖਤਮ ਹੋ ਜਾਂਦਾ ਹੈ। ਇਸ ਢੰਗ ਨਾਲ ਪੜ੍ਹਾਉਣ ਨਾਲ ਕਵਿਤਾ ਅਤੇ ਵਾਰਤਕ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਵਿਦਿਆਰਥੀਆਂ ਦਾ ਧਿਆਨ ਕਵਿਤਾ ਵਿਚਲੇ ਔਖੇ ਸ਼ਬਦਾਂ ਦੇ ਅਰਥਾਂ ਤੇ ਕੇਂਦਰਿਤ ਹੋ ਜਾਂਦਾ ਹੈ। ਉਹ ਕਵਿਤਾ ਵਿਚਲੇ ਸੰਗੀਤਕ ਹੁਲਾਰੇ ਨੂੰ ਮਾਨਣ ਦੇ ਯੋਗ ਨਹੀਂ ਰਹਿੰਦੇ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਪਹਿਲਾਂ ਕਵਿਤਾ ਵਿਚਾਲੇ ਸੰਗੀਤਾਂ

ਨੂੰ ਮਾਣਨ ਦੇ ਯੋਗ ਬਣਾਏ ਤੇ ਬਾਅਦ ਵਿਚ ਉਹਨਾਂ ਨੂੰ ਕਵਿਤਾ ਦੇ ਅਰਥ ਸਮਝਾਏ।

**1.2.4.3. ਵਿਆਖਿਆ ਪ੍ਰਣਾਲੀ :**

ਇਸ ਪ੍ਰਣਾਲੀ ਵਿਚ ਕਵਿਤਾ ਵਿਚਲੇ ਪੈਰ੍ਹਿਆਂ ਦੀ ਵਿਆਖਿਆ ਕੀਤੀ ਜਾਂਦੀ ਹੈ। ਪਹਿਲਾਂ ਇਕ ਪੈਰ੍ਹੇ ਦਾ ਪਾਠ ਕੀਤਾ ਜਾਂਦਾ ਹੈ ਤੇ ਫਿਰ ਉਸ ਪੈਰ੍ਹੇ ਦਾ ਸਮਭਾਵ ਦੱਸਿਆ ਜਾਂਦਾ ਹੈ। ਇਹ ਪ੍ਰਣਾਲੀ ਸ਼ਬਦਾਰਥ ਪ੍ਰਣਾਲੀ ਨਾਲੋਂ ਕੁਝ ਚੰਗੀ ਹੈ, ਕਿਉਂਕਿ ਇਸ ਵਿਚ ਇਕ ਸ਼ਬਦ ਦੇ ਅਰਥ ਕਰਨ ਦੀ ਬਜਾਏ ਸਾਰੇ ਪੈਰੇ ਦੀ ਵਿਆਖਿਆ ਕੀਤੀ ਜਾਂਦੀ ਹੈ। ਕਈ ਵਾਰੀ ਤਾਂ ਸ਼ਬਦਾਰਥ ਪ੍ਰਣਾਲੀ ਤੇ ਵਿਆਖਿਆ ਪ੍ਰਣਾਲੀ ਨਾਲ ਦੀ ਨਾਲ ਹੀ ਚਲਦੀਆਂ ਹਨ। ਪਹਿਲਾਂ ਔਖੇ ਸ਼ਬਦਾਂ ਦੇ ਅਰਥ ਦਸ ਕੇ ਫਿਰ ਪੂਰੇ ਪੈਰ੍ਹੇ ਭਾਵ ਅਰਥ ਦਸੇ ਜਾਂਦੇ ਹਨ। ਜੋ ਕਵਿਤਾ ਵਿਚ ਕਿਸੇ ਇਤਿਹਾਸਕ ਘਟਨਾ ਦਾ ਜ਼ਿਕਰ ਕੀਤਾ ਗਿਆ ਹੋਵੇ ਤਾਂ ਪਹਿਲਾਂ ਉਸ ਘਟਨਾ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਂਦਾ ਹੈ ਤੇ ਫਿਰ ਕਵਿਤਾ ਦੀ ਵਿਆਖਿਆ ਕੀਤੀ ਜਾਂਦੀ ਹੈ। ਮਿਡਲ ਜਮਾਤ ਵਿਚ ਵਿਆਖਿਆ ਪ੍ਰਣਾਲੀ ਰਾਹੀਂ ਕਵਿਤਾ ਪੜ੍ਹਾਈ ਜਾ ਸਕਦੀ ਹੈ।

**1.2.4.3.1 ਕਥਾ ਜਾਂ ਵਿਕਾਸ ਪ੍ਰਣਾਲੀ :**

ਇਹ ਵਿਧੀ ਅਜਿਹੀ ਕਵਿਤਾਵਾਂ ਪੜ੍ਹਾਉਣ ਲਈ ਵਰਤੋਂ ਵਿਚ ਆਉਂਦੀ ਹੈ। ਜਿਹਨਾਂ ਦੇ ਸਾਬਦਿਕ ਅਰਥ ਕਰਨ ਤੋਂ ਪਿੱਛੋਂ ਅੰਤਰੀਵ ਭਾਵ ਦੱਸਣ ਦੀ ਲੋੜ ਹੁੰਦੀ ਹੈ। ਕਵੀ ਸਾਧਾਰਣ ਜਿਹੇ ਸ਼ਬਦਾਂ ਰਾਹੀਂ ਕੋਈ ਗੂੜ-ਭਾਵ ਜਾਂ ਗੰਭੀਰ ਪ੍ਰੇਰਣਾ ਦੇਣ ਦੀ ਕੋਸ਼ਿਸ਼ ਕਰਦਾ ਹੈ। ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਅਤੇ ਸੂਫੀ ਫਕੀਰਾਂ ਦੀਆਂ ਰਚਨਾਵਾਂ ਪੜ੍ਹਾਉਣ ਲਈ ਇਸ ਪ੍ਰਣਾਲੀ ਦੀ ਵਰਤੋਂ ਹੁੰਦੀ ਹੈ। ਉਦਾਹਰਣ ਵਜੋਂ ਹੇਠ ਲਿਖੀਆਂ ਕਵਿਤਾਵਾਂ ਇਸ ਪ੍ਰਣਾਲੀ ਰਾਹੀਂ ਪੜ੍ਹਾਈਆਂ ਜਾ ਸਕਦੀਆਂ ਹਨ।

'ਨ ਰੱਬ ਤੀਰਥ ਨਾ ਰੱਬ ਮੱਕੇ, ਜਿਨ ਪਾਇਆ ਤਿਸ ਨੂਰ ਜਮਾਲ<br>
ਮਸਜ਼ਿਦ ਦੇ ਵਿੱਚ ਕਾਫ਼ਰ ਵੱਸਦੇ, ਠਾਕਰ ਦੁਆਰੇ ਝੰਗ<br>
ਬੁਲਿਆ ਆਸ਼ਕ ਰਹਿਣ ਅਲੱਗ।'

(ਬੁੱਲੇ ਸ਼ਾਹ)

'ਹਰਦਮ ਖਿੜੇ ਮਿਲੇ ਹੋ ਮਿਤ੍ਰ।<br>
ਤੁਸਾਂ ਮੱਥੇ ਵੱਟ ਨਾ ਪਾਏ<br>
ਸੀਨੇ ਸਾਫ ਕੀ ਨਿਊ ਤੁਹਾਡੇ,<br>
ਤੁਸਾਂ ਵੈਰ ਨਾ ਕਦੇ ਕਮਾਏ,<br>
ਡਿਠਿਆ-ਖਿੜੇ ਕਾਲਜਾ ਸਾਡਾ,<br>
ਅਸਾਂ ਦੇਖ-ਦੇਖ ਸੁਖ ਪਾਏ !

(ਭਾਈ ਵੀਰ ਸਿੰਘ)

**1.2.4.3.2 ਤੁਲਨਾ ਪ੍ਰਣਾਲੀ :**

ਹਾਈ ਅਤੇ ਹਾਇਰ ਸੈਕਡਰੀ ਜਮਾਤਾਂ ਵਿਚ ਕਵਿਤਾ ਪੜ੍ਹਾਉਣ ਲਈ ਤੁਲਨਾ ਪ੍ਰਣਾਲੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਵਿਸ਼ੇ ਬਾਰੇ ਵੱਖ-ਵੱਖ ਕਵੀਆਂ ਨੇ ਆਪਣੇ ਵਿਚਾਰ ਪ੍ਰਗਟਾਏ ਹੁੰਦੇ ਹਨ, ਉਹਨਾਂ ਕਵੀਆਂ ਦੇ ਵਿਚਾਰਾਂ ਦੀ ਪਰਸਪਰ ਤੁਲਨਾ ਕਰਦਿਆਂ ਹੋਇਆਂ ਵਿਆਖਿਆ ਕੀਤੀ ਜਾਂਦੀ ਹੈ। ਉਦਾਹਰਣ ਵਜੋਂ ਪੰਜਾਬੀ ਸਾਹਿਤ ਵਿਚ ਇਸਤਰੀ ਦੇ ਸਥਾਨ ਬਾਰੇ ਕਈ ਕਵੀਆਂ ਨੇ ਆਪ ਆਪਣੇ ਵਿਚਾਰ ਪ੍ਰਗਟਾਏ ਹੁੰਦੇ ਹਨ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹਨਾਂ ਕਵੀਆਂ ਦੀਆਂ ਰਚਨਾਵਾਂ ਲੱਭ ਕੇ ਵਿਦਿਆਰਥੀਆਂ ਦੇ ਸਾਹਮਣੇ ਲਿਆਉਣ ਅਤੇ ਵਿਚਾਰਾਂ ਦੀ ਪਰਸਪਰ ਤੁਲਨਾ ਕੀਤੀ ਜਾਵੇ। ਜੇ ਕਵੀ ਸਮਕਾਲੀ ਹੋਣ ਅਰਥਾਤ ਉਸ ਸਮੇਂ ਨਾਲ ਸੰਬੰਧਿਤ ਹੋਣ ਤਾਂ ਵਿਦਿਆਰਥੀ ਵਧੇਰੇ ਦਿਲਚਸਪੀ ਲੈਣਗੇ। ਇਸ ਨਾਲ ਵਿਦਿਆਰਥੀਆਂ ਦੀ ਵਿਚਾਰਧਾਰਾ ਅਤੇ ਸਾਹਿਤਕ ਸੂਝ ਵਿਸ਼ਾਲ ਹੋਵੇਗੀ। ਪ੍ਰੋ: ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਦੀ ਪੜ੍ਹਾਈ ਤੁਲਨਾ ਪ੍ਰਣਾਲੀ ਰਾਹੀਂ ਕੀਤੀ ਜਾ ਸਕਦੀ ਹੈ। ਸਿੱਖ ਗੁਰੂਆਂ ਦੀ ਗੁਰਬਾਣੀ ਦੀ ਵਿਆਖਿਆ ਵੀ ਤੁਲਨਾ ਪ੍ਰਣਾਲੀ ਰਾਹੀਂ ਕੀਤੀ ਜਾ ਸਕਦੀ ਹੈ।

**2.4.3.3 ਸਮੀਖਿਆ ਪ੍ਰਣਾਲੀ :**

ਇਹ ਵਿਧੀ ਵੀ ਉਪਰਲੀਆਂ ਸ਼੍ਰੇਣੀਆਂ ਲਈ ਲਾਹੇਵੰਦ ਹੈ। ਇਸ ਪੱਧਰ ਤੇ ਪਹੁੰਚ ਕੇ ਵਿਆਖਿਆ ਦੀ ਜਾਣ ਪਛਾਣ ਸਾਹਿਤਕ ਸਮੀਖਿਆ ਨਾਲ ਹੁੰਦੀ ਹੈ। ਪਰੀਖਿਆ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਉਹਨਾਂ ਨੇ ਕਵਿਤਾ ਦੇ ਵਿਸ਼ੇ ਵਸਤੂ ਸ਼ਬਦ ਚੋਣ ਅਤੇ ਸੰਗੀਤਕ ਪੱਖ ਟੀਕਾ ਟਿੱਪਣੀ ਕਰਨੀ ਸਿੱਖਣਾ ਹੈ। ਅਧਿਆਪਕ ਦਾ ਫਰਜ਼ ਹੈ ਕਿ ਉਹ ਵਿਦਿਆਰਥੀਆਂ ਨੂੰ ਪਰਖ ਦੇ ਨੇਮਾਂ ਤੋਂ ਜਾਣੂ ਕਰਾਵੇ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਨੂੰ ਲੈ ਕੇ ਉਸ ਦੀ ਸਾਹਿਤਕ ਪੜਚੋਲ ਬੱਚਿਆਂ ਸਾਹਮਣੇ ਕਰੇਃ ਫਿਰ ਵਿਦਿਆਰਥੀਆਂ ਤੋਂ ਸੁਤੰਤਰ ਰੂਪ ਵਿਚ ਪੜਚੋਲ ਕਰਾਏ। ਅਧਿਆਪਕ ਨੂੰ ਪੜਚੋਲ ਕਰਨ ਸਮੇਂ ਨਿਰਪੱਖਤਾ ਦੀ ਨੀਤੀ ਅਪਨਾਉਣੀ ਚਾਹੀਦੀ ਹੈ। ਆਲੋਚਨਾ ਹਮੇਸ਼ਾਂ ਵਿਗਿਆਨਿਕ ਲੀਹਾਂ ਤੇ ਹੋਣੀ ਚਾਹੀਦੀ ਹੈ। ਅਧਿਆਪਕਾਂ ਨੂੰ ਆਪ ਪੱਖਪਾਤ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਜੋ ਦ੍ਰਿਸ਼ਟੀਕੋਣ ਉਹਨਾਂ ਦਾ ਆਪਣਾ ਕਿਸੇ ਕਵੀ ਬਾਰੇ ਹੁੰਦਾ ਹੈ ਉਸ ਨੂੰ ਵਿਦਿਆਰਥੀਆਂ ਤੇ ਠੋਸਣ ਦਾ ਹੱਕ ਨਹੀਂ। ਵਿਦਿਆਰਥੀਆਂ ਨੂੰ ਸੁਤੰਤਰ ਰੂਪ ਵਿਚ ਪੜਚੋਲ ਕਰਨੀ ਆਉਣੀ ਚਾਹੀਦੀ ਹੈ। ਪ੍ਰੋਃ ਪੂਰਨ ਸਿੰਘ ਦੀ ਹੇਠ ਲਿਖੀ ਕਵਿਤਾ ਸਮੀਖਿਆ ਜਾਂ ਪੜਚੋਲ ਵਿਧੀ ਰਾਹੀਂ ਪੜਾਈ ਜਾਣੀ ਹੀ ਲਾਹੇਵੰਦ ਹੋਵੇਗੀ।

ਮਿੱਟੀ ਸਿਆਲ ਕੋਟ ਦੀ ਜ਼ਾਰੋ ਜ਼ਾਰ ਰੋਵੇ,
ਰੋਵਨ ਖਲਕਤਾਂ ਸਾਰੀਆਂ ਲਹੂ-ਅੱਥਰੂ
ਤੇ ਜਦੋਂ ਪੂਰਨ ਲੱਗ ਇੱਛਰਾਂ, ਦੇ ਗੱਲ ਰੋਇਆ,
ਉਵੇਂ ਟੁੱਟਿਆ ਕੜ ਸਭ ਪੱਥਰਾਂ ਦਾ,
ਜ਼ਮੀਨ ਅਸਮਾਨ ਰੋਇਆ, ਉਸ ਵੇਲੇ,
ਮਾਂ ਪੁੱਤ ਨੂੰ ਵਿਛੜਦਿਆਂ ਵੇਖ ਕੇ।

ਕਵਿਤਾ ਪੜ੍ਹਾਉਣ ਦੇ ਕਈਂ ਢੰਗ ਹਨ, ਪਰੰਤੂ ਕਿਸ ਢੰਗ ਦੀ ਵਰਤੋਂ, ਕਿਸ ਕਵਿਤਾ ਪੜ੍ਹਾਉਣ ਲਈ ਕੀਤੀ ਜਾਣੀ ਹੈ। ਇਸ ਦੀ ਚੋਣ ਅਧਿਆਪਕ ਨੇ ਕਰਨੀ ਹੁੰਦੀ ਹੈ, ਤਾਂ ਜੋ ਵਿਦਿਆਰਥੀ ਕਵਿਤਾ ਦਾ ਆਨੰਦ ਵੀ ਮਾਣ ਸਕਣ ਤੇ ਉਸ ਦੇ ਅੰਤਰੀਵ ਭਾਵ ਵੀ ਸਮਝ ਸਕਣ। ਪਰੰਤੂ ਬੜੇ ਅਫਸੋਸ ਦੀ ਗੱਲ ਹੈ ਕਿ ਸਾਡੇ ਸਕੂਲਾਂ ਵਿਚ ਕਵਿਤਾ ਦੀ ਪੜ੍ਹਾਈ ਦਾ ਢੰਗ ਬੜਾ ਹੀ ਘਟੀਆ ਹੈ, ਆਮ ਤੌਰ ਤੇ ਕਵਿਤਾ ਦੀ ਪੜ੍ਹਾਈ ਵਾਰਤਕ ਵਾਂਗੂੰ ਹੀ ਕਰਵਾ ਦਿੱਤੀ ਜਾਂਦੀ ਹੈ। ਵਿਦਿਆਰਥੀ ਅੰਦਰ ਕਵਿਤਾ ਸੰਬੰਧੀ ਡਰ ਤੇ ਘਿਰਣਾ ਪੈਦਾ ਹੋ ਜਾਂਦੀ ਹੈ। ਉਹ ਵਾਰਤਕ ਨਾਲੋਂ ਕਵਿਤਾ ਨੂੰ ਜ਼ਿਆਦਾ ਔਖਾ ਸਮਝਦੇ ਹਨ। ਇਸ ਅਸੰਤੋਖਜਨਕ ਅਵਸਥਾ ਦੇ ਕਈਂ ਕਾਰਨ ਸਨ। ਜਿਵੇਂ :

1. ਕਵਿਤਾ ਤੇ ਵਾਰਤਕ ਨੂੰ ਇੱਕ ਢੰਗ ਨਾਲ ਪੜ੍ਹਾਉਣਾ,
2. ਸਕੂਲ ਦਾ ਵਾਤਾਵਰਣ ਕਵਿਤਾ ਦੇ ਅਨੁਕੂਲ ਨਾ ਹੋਣਾ,
3. ਕਵਿਤਾ ਸੰਬੰਧੀ ਅਧਿਆਪਕ ਦਾ ਦ੍ਰਿਸ਼ਟੀਕੋਣ।

**1.2.5 ਕਵਿਤਾ ਪੜ੍ਹਾਉਣ ਦਾ ਸਫਲ ਢੰਗ**

**(ੳ) ਵਾਤਾਵਰਣ ਦੀ ਉਸਾਰੀ** : ਕੋਈ ਵੀ ਕਵਿਤਾ ਲਿਖਣ ਸਮੇਂ ਕਵੀ ਇਕ ਅਸਾਧਾਰਨ ਜਿਹੇ ਵਾਤਾਵਰਣ ਦੀ ਉਸਾਰੀ ਕਰਦਾ ਹੈ। ਉਸ ਦੇ ਸਾਹਮਣੇ ਕੋਈ ਸੁੰਦਰ ਦ੍ਰਿਸ਼, ਕੋਈ ਵਾਪਰੀ ਹੋਈ ਘਟਨਾ ਜਾਂ ਜੀਵਨ ਦਾ ਕੋਈ ਵਿਸ਼ੇਸ਼ ਤਜ਼ਰਬਾ ਹੁੰਦਾ ਹੈ, ਜਿਸ ਤੋਂ ਪ੍ਰਭਾਵਿਤ ਹੋਕੇ ਉਹ ਇੱਕ ਕਾਲਪਨਿਕ ਦੁਨੀਆਂ ਦੀ ਉਸਾਰੀ ਕਰਦਾ ਹੈ ਤੇ ਇਸ ਅਜੀਬ ਮਾਨਸਿਕ ਸਥਿਤੀ ਵਿੱਚ ਹੀ ਉਹ ਆਪਣੇ ਮਨ ਦੇ ਭਾਵਾਂ ਨੂੰ ਕਵਿਤਾ ਦਾ ਜਾਮਾ ਪਹਿਨਾਉਂਦਾ ਹੈ। ਇਸ ਅਜੀਬ ਵਾਤਾਵਰਣ ਵਿਚ ਉਪਜੀ ਹੋਈ ਕਵਿਤਾ ਨੂੰ ਮਾਨਣ ਲਈ ਵੀ ਇਹੋ ਜਿਹੇ ਅਜੀਬ ਵਾਤਾਵਰਣ ਦੀ ਹੀ ਜ਼ਰੂਰਤ ਹੁੰਦੀ ਹੈ। ਇਕ ਸਫਲ ਅਧਿਆਪਕ ਬੱਚਿਆਂ ਨੂੰ ਲੋੜ ਅਨੁਸਾਰ ਚੁਣੀਆਂ ਹੋਈਆਂ ਤਸਵੀਰਾਂ, ਮਾਡਲ ਆਦਿ ਦਿਖਾ ਕੇ ਵਾਤਾਵਰਣ ਦੀ ਉਸਾਰੀ ਕਰਦਾ ਹੈ। ਅਧਿਆਪਕ ਕਵਿਤਾ ਦੀ ਵਸਤੂ ਨੂੰ ਮੁੱਖ ਰੱਖਕੇ ਕਵਿਤਾ ਬਾਰੇ ਮੁਢਲੀ ਭੂਮਿਕਾ ਦਿੰਦਾ ਹੈ।

ਉਹ ਅਜਿਹੀ ਭੂਮਿਕਾ ਬੰਨ੍ਹਦਾ ਹੈ ਕਿ ਬੱਚੇ ਕਵਿਤਾ ਪੜ੍ਹਨ ਲਈ ਉਤਸੁਕ ਵੀ ਹੋ ਜਾਂਦੇ ਹਨ। ਜੋ ਅਧਿਆਪਕ ਅਜਿਹਾ ਵਾਤਾਵਰਣ ਉਸਾਰਨ ਵਿਚ ਸਫਲ ਹੋ ਜਾਂਦਾ ਹੈ, ਤਾਂ ਉਹ ਕਵਿਤਾ ਪੜ੍ਹਾਉਣ ਵਿਚ ਸਫਲ ਹੋ ਜਾਂਦਾ ਹੈ।

**(ਅ) ਕਵਿਤਾ ਬਾਰੇ ਮੁਢਲੀ ਜਾਣਕਾਰੀ** : ਵਾਤਾਵਰਣ ਦੀ ਉਸਾਰੀ ਤੋਂ ਬਾਅਦ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਕਵੀ ਅਤੇ ਕਵਿਤਾ ਬਾਰੇ ਮੁਢਲੀ ਅਤੇ ਸੰਖੇਪ ਜਾਣਕਾਰੀ ਦੇਵੇ। ਉੱਪਰਲੀਆਂ ਸ਼੍ਰੇਣੀਆਂ ਵਿਚ ਜਿੱਥੇ ਸਾਡਾ ਉਦੇਸ਼ ਬੱਚਿਆਂ ਨੂੰ ਸਾਹਿਤਕ ਪੜਚੋਲ ਲਈ ਤਿਆਰ ਕਰਨਾ ਹੈ, ਉੱਥੇ ਕਵੀ ਦੇ ਜੀਵਨ, ਰਚਨਾਵਾਂ, ਕਵਿਤਾ ਵਿਚ ਦਿੱਤੀਆਂ ਵਿਸ਼ੇਸ਼ ਰੁਚੀਆਂ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੁੰਦੀ ਹੈ। ਕਈ ਵਾਰ ਕਿਸੇ ਇਤਿਹਾਸਕ ਘਟਨਾ ਬਾਰੇ ਕਵਿਤਾ ਵਿਚ ਜਾਣਕਾਰੀ ਦਿੱਤੀ ਹੁੰਦੀ ਹੈ। ਅਧਿਆਪਕ ਨੂੰ ਚਾਹੀਦਾ ਕਿ ਕਵਿਤਾ ਵਿਚ ਦਿੱਤੀ ਘਟਨਾ ਦਾ ਪਿਛੋਕੜ ਵਿਦਿਆਰਥੀਆਂ ਸਾਹਮਣੇ ਰੱਖੇ।

**(ੲ) ਅਧਿਆਪਕ ਵੱਲੋਂ ਕਵਿਤਾ ਪਾਠ** : ਕਵਿਤਾ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਅਧਿਆਪਕ ਜੇ ਆਪ ਵਿਦਿਆਰਥੀਆਂ ਸਾਹਮਣੇ ਕਵਿਤਾ ਦਾ ਪਾਠ ਕਰਕੇ ਦਿਖਾਵੇ ਤਾਂ ਬੱਚੇ ਵੀ ਉਸੀ ਲਹਿਜੇ ਵਿੱਚ ਕਵਿਤਾ ਦੇ ਪਾਠ ਕਰਨ ਦੀ ਕੋਸ਼ਿਸ਼ ਕਰਨਗੇ। ਅਧਿਆਪਕ ਦੀ ਕਵਿਤਾ ਪਾਠ ਦਾ ਢੰਗ ਬੜਾ ਸਾਧਾਰਨ ਤੇ ਸ਼ਪਸ਼ਟ ਹੋਣਾ ਚਾਹੀਦਾ ਹੈ। ਕਈ ਅਧਿਆਪਕ ਕਵਿਤਾ ਪਾਠ ਕਰਨ ਸਮੇਂ ਬੜੀ ਗ਼ੈਰ-ਕੁਦਰਤੀ ਲਹਿਜਾ ਧਾਰਨ ਕਰਦੇ ਹਨ। ਹੱਥਾਂ ਦੇ ਇਸ਼ਾਰੇ, ਸੰਕੇਤ ਆਦਿ ਉਹਨਾਂ ਨੂੰ ਅਸਾਧਾਰਨ ਜਿਹਾ ਬਣਾ ਦਿੰਦੀ ਹੈ। ਕਵਿਤਾ ਦੇ ਭਾਵ ਨੂੰ ਮੁੱਖ ਰੱਖਦਿਆਂ ਹੋਇਆਂ ਸਾਧਾਰਨ ਲਹਿਜੇ ਵਿਚ ਕਵਿਤਾ ਪਾਠ ਰਾਹੀਂ ਕਵੀ ਦੇ ਭਾਵ ਵਿਦਿਆਰਥੀਆਂ ਤਕ ਪਹੁੰਚਣਾ ਹੈ। ਓਪਰੇ ਕਾਰਜ ਕਰਨ ਨਾਲ ਕਵਿਤਾ ਦਾ ਰਸ ਖ਼ਤਮ ਹੁੰਦਾ ਹੈ। ਜੇ ਭਾਵ ਨਾਟਕੀ ਅੰਸ਼ ਦੀ ਮੰਗ ਕਰਦਾ ਹੈ, ਤਾਂ ਸਰੀਰਕ ਕਾਰਜ ਆਦਿ ਕੀਤੇ ਜਾ ਸਕਦੇ ਹਨ। ਜਿੱਥੋਂ ਤਕ ਹੋ ਸਕੇ, ਕਵਿਤਾ ਨੂੰ ਸਮੁੱਚੇ ਰੂਪ ਵਿਚ ਪੜ੍ਹਿਆ ਜਾਵੇ, ਉਸਦੇ ਵੱਖ-ਵੱਖ ਭਾਗ ਕਰਕੇ ਉਸਦੇ ਭਾਵ ਦੀ ਇਕਾਗਰਤਾ ਖ਼ਤਮ ਹੋ ਜਾਂਦੀ ਹੈ, ਜੇ ਕਵਿਤਾ ਬਹੁਤ ਲੰਮੀ ਹੈ, ਤਾਂ ਹੀ ਉਸਦੇ ਭਾਗ ਕੀਤੇ ਜਾ ਸਕਦੇ ਹਨ। ਭਾਗ ਕਰਨ ਲੱਗਿਆਂ ਧਿਆਨ ਰੱਖਿਆ ਜਾਵੇ ਕਿ ਕਵਿਤਾ ਦਾ ਅੰਤਰੀਭਾਵ ਖ਼ਤਮ ਨਾ ਹੋਵੇ। ਕਵਿਤਾ ਦਾ ਦੋ ਤਿੰਨ ਵਾਰੀ ਪਾਠ ਕਰਨਾ ਚਾਹੀਦਾ ਹੈ। ਤਾਂ ਜੋ ਵਿਦਿਆਰਥੀ ਕਵਿਤਾ ਪਾਠ ਸ਼ੁੱਧ ਸਿਖ ਸਕਣ।

**(ਸ) ਵਿਦਿਆਰਥੀਆਂ ਵੱਲੋਂ ਕਵਿਤਾ ਪਾਠ** : ਅਧਿਆਪਕ ਦੇ ਕਵਿਤਾ ਪਾਠ ਕਰਨ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਹੀ ਕਵਿਤਾ ਪਾਠ ਕਰਵਾਉਣਾ ਜ਼ਰੂਰੀ ਹੈ। ਪਹਿਲਾਂ ਸਮੂਹਿਕ ਰੂਪ ਵਿੱਚ ਕਵਿਤਾ ਪੜ੍ਹੀ ਜਾਵੇ, ਤਾਂ ਜੋ ਸ਼ਰਮਾਕਲ ਵਿਦਿਆਰਥੀ ਵੀ ਕਵਿਤਾ ਪਾਠ ਵਿੱਚ ਹਿੱਸਾ ਲੈ ਸਕਣ ਤੇ ਬਾਅਦ ਵਿਚ ਇੱਕਲੇ-ਇੱਕਲੇ ਵਿਦਿਆਰਥੀ ਤੋਂ ਕਵਿਤਾ ਦਾ ਪਾਠ ਕਰਵਾਉਣਾ ਚਾਹੀਦਾ ਹੈ।

**(ਹ) ਔਖੇ ਸ਼ਬਦਾਂ ਦੀ ਵਿਆਖਿਆ** :

ਕਵਿਤਾ ਪਾਠ ਤੋਂ ਬਾਅਦ ਜੇ ਬਹੁਤ ਹੀ ਜਾਪੇ ਤਾਂ ਅਧਿਆਪਕ ਨੂੰ ਕਵਿਤਾ ਵਿੱਚ ਆਏ ਔਖੇ ਸ਼ਬਦਾਂ ਦੇ ਅਰਥ ਦੱਸਣੇ ਚਾਹੀਦੇ ਹਨ। ਸ਼ਬਦਾਂ ਬਾਰੇ ਉਤਨੀ ਹੀ ਜਾਣਕਾਰੀ ਦੇਣੀ ਚਾਹੀਦੀ ਹੈ। ਜਿਸ ਨਾਲ ਕਵਿਤਾ ਦਾ ਭਾਵ ਸਪਸ਼ਟ ਹੋ ਜਾਵੇ। ਜਿਹੜਾ ਸ਼ਬਦ ਆਪਣੇ-ਆਪ ਭਾਵ ਪ੍ਰਗਟਾਉਣ ਦੀ ਸਮਰੱਥਾ ਰੱਖਦਾ ਹੈ। ਉਸਨੂੰ ਸਮਝਾਉਣਾ ਜ਼ਰੂਰੀ ਨਹੀਂ ਹੁੰਦਾ। ਕਈ ਅਧਿਆਪਕ ਵਾਰਤਕ ਅਤੇ ਕਵਿਤਾ ਦੀਆਂ ਲੋੜਾਂ ਦੇ ਅੰਤਰ ਨੂੰ ਨਾ ਸਮਝਦੇ ਹੋਏ ਕਵਿਤਾ ਵਿਚਲਾ ਸ਼ਬਦ ਲੈ ਕੇ ਉਸਦੀ ਵਿਆਖਿਆ ਕਰਦੇ ਹਨ। ਅਜਿਹਾ ਕਰਨ ਨਾਲ ਭਾਵ ਦੀ ਇਕਾਗਰਤਾ ਖ਼ਤਮ ਹੋ ਜਾਂਦੀ ਹੈ। ਚੰਗਾ ਇਹ ਹੈ ਕਿ ਕਵਿਤਾ ਦਾ ਪਾਠ ਸਮਾਪਤ ਕਰਨ ਤੋਂ ਬਾਅਦ ਵਿਦਿਆਰਥੀ ਆਪ ਆਪਣੀਆਂ ਮੁਸ਼ਕਲਾਂ ਅਧਿਆਪਕ ਨੂੰ ਦੱਸਣ। ਬੱਚਿਆਂ ਦੀਆਂ ਮੁਸ਼ਕਿਲਾਂ ਦੂਰ ਕਰਨ ਸਮੇਂ ਸ਼ਬਦੀ ਅਰਥਾਂ ਉੱਤੇ ਜ਼ਿਆਦਾ ਜ਼ੋਰ ਨਹੀਂ ਦੇਣਾ ਚਾਹੀਦਾ। ਸਗੋਂ ਕਵਿਤਾ ਦੇ ਸਮੁੱਚੇ ਭਾਵ ਨੂੰ ਸਪਸ਼ਟ ਕਰਨਾ ਚਾਹੀਦਾ ਹੈ।

(ਕ) ਕਵਿਤਾ ਦੀ ਪ੍ਰਸੰਸਾ :

ਵਿਦਿਆਰਥੀਆਂ ਨੂੰ ਕਵਿਤਾ ਦਾ ਭਾਵ ਸਮਝਾਉਣ ਤੋਂ ਬਾਅਦ ਅਧਿਆਪਕ ਕਵਿਤਾ ਦੀ ਪ੍ਰਸੰਸ਼ਾ ਕਰ ਸਕਦਾ ਹੈ। ਪ੍ਰਸੰਸਾ ਵਿਅਕਤੀਗਤ ਚੀਜ਼ ਹੈ। ਜੋ ਚੀਜ਼ ਅਧਿਆਪਕ ਨੂੰ ਪਸੰਦ ਆਈ ਹੋਵੇ, ਹੋ ਸਕਦਾ ਹੈ ਉਸਨੂੰ ਉਹ ਕੁੱਝ ਵਿਦਿਆਰਥੀਆਂ ਨੂੰ ਨਾ ਪਸੰਦ ਹੋਵੇ, ਅਜਿਹੀ ਸਥਿਤੀ ਵਿਚ ਵਿਦਿਆਰਥੀਆਂ ਨੂੰ ਸੁਤੰਤਰ ਪੜਚੋਲ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਜੋ ਬੱਚੇ ਨੇ ਕਵਿਤਾ ਨੂੰ ਪੜ੍ਹਕੇ ਖੁਸ਼ੀ ਪ੍ਰਾਪਤ ਕੀਤੀ ਹੈ, ਤਾਂ ਪ੍ਰਸੰਸਾ ਆਪਣੇ ਆਪ ਹੀ ਉਸਦੇ ਮਨੋਂ ਨਿਕਲੇਗੀ।

(ਖ) ਕਵਿਤਾ ਨੂੰ ਜਬਾਨੀ ਯਾਦ ਕਰਨਾ :

ਕਵਿਤਾ ਬੱਚੇ ਜਬਾਨੀ ਯਾਦ ਕਰਨ ਜਾਂ ਨਾ, ਇਹ ਉਹਨਾਂ ਦੀ ਮਰਜ਼ੀ ਤੇ ਛੱਡ ਦੇਣਾ ਚਾਹੀਦਾ ਹੈ। ਜੋ ਕਵਿਤਾ ਪਾਠ ਕਰਨ ਸਮੇਂ ਬੱਚਿਆਂ ਨੂੰ ਆਨੰਦ ਦੀ ਪ੍ਰਾਪਤੀ ਹੋਈ ਹੋਵੇਗੀ, ਤਾਂ ਉਹ ਆਪਣੇ ਆਪ ਹੀ ਕਵਿਤਾ ਨੂੰ ਜਬਾਨੀ ਯਾਦ ਕਰਨਗੇ। ਬੱਚਿਆਂ ਦੇ ਸ਼ੌਕ ਇੱਕੋ ਜਿਹੇ ਨਹੀਂ ਹੁੰਦੇ, ਇਸ ਲਈ ਇਕ ਹੀ ਕਵਿਤਾ ਸਾਰੇ ਵਿਦਿਆਰਥੀਆਂ ਨੂੰ ਯਾਦ ਕਰਨ ਲਈ ਨਹੀਂ ਕਿਹਾ ਜਾ ਸਕਦਾ। ਹਰੇਕ ਵਿਦਿਆਰਥੀ ਆਪਣੀ ਆਪਣੀ ਪਸੰਦ ਦੀ ਕਵਿਤਾ ਯਾਦ ਕਰਕੇ ਆਨੰਦ ਦੀ ਪ੍ਰਾਪਤੀ ਕਰੇਗਾ।

(ਗ) ਕਵਿਤਾ ਸੰਬੰਧੀ ਹੋਰ ਫੁਟਕਲ ਕੰਮ :

ਹਾਈ ਅਤੇ ਹਾਇਰ ਸੈਕੰਡਰੀ ਪੱਧਰ ਤੇ ਵਿਦਿਆਰਥੀਆਂ ਦੀ ਸਹਾਇਤਾ ਸੂਝ-ਬੂਝ ਵਧਾਉਣ ਲਈ ਕਵਿਤਾ ਬਾਰੇ ਹੋਰ ਅਭਿਆਸ ਵੀ ਕਰਵਾਉਣੇ ਚਾਹੀਦੇ ਹਨ। ਕਵਿਤਾ ਦੀ ਹੋਰ ਕਵੀਆਂ ਦੀਆਂ ਰਚਨਾਵਾਂ ਨਾਲ ਤੁਲਨਾ ਕਰਨ ਲਈ ਕਿਹਾ ਜਾ ਸਕਦਾ ਹੈ। ਕਵਿਤਾ ਦਾ ਸਮਭਾਵ ਕਰਨਾ ਕਵਿਤਾ ਵਿੱਚ ਅੰਕਿਤ ਕਵੀ ਦੇ ਭਾਵ ਨੂੰ ਨਿਖੇੜ ਕੇ ਲਿਖਣਾ, ਕਵਿਤਾ ਵਿਚਲੇ ਕੇਂਦਰੀ ਭਾਵ ਨੂੰ ਲਿਖਣਾ ਕਵਿਤਾ ਵਿਚੋਂ ਚੰਗੇ ਵਿਚਾਰਾਂ ਵਾਲੀਆਂ ਸੱਤਰਾਂ ਨੂੰ ਨੋਟ ਕਰਨ, ਕਵਿਤਾ ਦੇ ਰੂਪਕ ਪੱਖ ਬਾਰੇ ਵਿਚਾਰ ਕਰਨੀ ਕਵਿਤਾ ਬਾਰੇ ਚਰਚਾ ਕਰਨੀ ਆਦਿ ਕਈ ਤਰਾਂ ਦੇ ਅਭਿਆਸ ਵਿਦਿਆਰਥੀਆਂ ਤੋਂ ਕਰਵਾਏ ਜਾਣੇ ਚਾਹੀਦੇ ਹਨ।

ਪਰੰਤੂ ਸਮਭਾਵ ਉੱਤੇ ਵਧੇਰੇ ਜ਼ੋਰ ਨਹੀਂ ਦੇਣਾ ਚਾਹੀਦਾ। ਅਜਿਹਾ ਕਰਨ ਨਾਲ ਕਵਿਤਾ ਵਿਚਲੇ ਭਾਵ ਦੀ ਇਕਾਗਰਤਾ ਭੰਗ ਹੋ ਜਾਂਦੀ ਹੈ। ਕਵਿਤਾ ਦਾ ਰਸ ਮਾਣਿਆ ਨਹੀਂ ਜਾ ਸਕਦਾ। ਕਵਿਤਾ ਅਤੇ ਵਾਰਤਕ ਵਿਚਲਾ ਅੰਤਰ ਮਿਟ ਜਾਂਦਾ ਹੈ। ਵਿਦਿਆਰਥੀ ਕਵਿਤਾ ਦੇ ਜਜਬਿਆਂ ਅਤੇ ਕਵਿਤਾ ਪੱਖ ਤੋਂ ਵਾਂਝੇ ਰਹਿ ਜਾਂਦੇ ਹਨ। ਸਮਭਾਵ ਕਰਨ ਨਾਲ ਬੱਚਿਆਂ ਦੀਆਂ ਰਚਨਾਤਮਕ ਰੁਚੀਆਂ ਵੀ ਖ਼ਤਮ ਹੁੰਦੀਆਂ ਹਨ। ਸਮਭਾਵ ਨੂੰ ਕਵਿਤਾ ਦਾ ਅੰਤਮ ਉਦੇਸ਼ ਨਹੀਂ ਮੰਨਣਾ ਚਾਹੀਦਾ। ਕਵਿਤਾ ਪੜ੍ਹਾਉਣ ਦਾ ਉਦੇਸ਼ ਕਵੀ ਦੇ ਭਾਵਾਂ ਨੂੰ ਬੱਚਿਆਂ ਤੱਕ ਪਹੁੰਚਾਣਾ ਹੈ। ਸਮਭਾਵ ਤੇ ਵਧੇਰੇ ਜ਼ੋਰ ਦੇਣ ਨਾਲ ਕਵਿਤਾ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੈ ਕਿ ਕਵਿਤਾ ਨੂੰ ਪੜ੍ਹਨ ਦਾ ਠੀਕ ਢੰਗ ਉੱਚਾ ਪਾਠ ਕਰਨਾ ਹੈ। ਚੁਪ ਪਾਠ ਰਾਹੀਂ ਕਵਿਤਾ ਦੀ ਪੜ੍ਹਾਈ ਪੂਰੀ ਨਹੀਂ ਹੁੰਦੀ। ਕਵਿਤਾ ਪੜ੍ਹਨ ਸਮੇਂ ਕਵਿਤਾ ਦੀਆਂ ਲੋੜਾਂ ਨੂੰ ਮੁੱਖ ਰੱਖਣਾ ਚਾਹੀਦਾ ਹੈ। ਜੇ ਕਵਿਤਾ ਵਿਚ ਨਾਟਕੀ ਅੰਸ਼ ਹੈ ਤਾਂ ਉਹ ਨਾਟਕੀ ਅੰਦਾਜ਼ ਨਾਲ ਹੀ ਸਮਝਾਉਣੀ ਚਾਹੀਦੀ ਹੈ ਗਾ ਕੇ ਪੜ੍ਹੀ ਹੋਈ ਕਵਿਤਾ ਜ਼ਿਆਦਾ ਆਨੰਦ ਦਿੰਦੀ ਹੈ। ਕਵਿਤਾ ਦੇ ਉਦੇਸ਼ ਦੀ ਪ੍ਰਾਪਤੀ ਤਾਂ ਹੀ ਸੰਭਵ ਹੈ ਜੇ ਅਧਿਆਪਕ ਕਵਿਤਾ ਵਿਚਲਾ ਆਨੰਦ ਆਪ ਮਾਣ ਸਕਣ ਅਤੇ ਬੱਚਿਆਂ ਨੂੰ ਅਜਿਹਾ ਆਨੰਦ ਮਾਨਣ ਦੇ ਯੋਗ ਬਣਾ ਸਕਣ।

### 1.2.6 ਸੁਝਾਏ ਪ੍ਰਸ਼ਨ

1. ਕਵਿਤਾ ਪੜ੍ਹਾਈ ਦੇ ਕਿਹੜੇ-ਕਿਹੜੇ ਢੰਗ ਹਨ? ਇਹਨਾਂ ਵਿਚੋਂ ਸੱਭ ਤੋਂ ਚੰਗਾ ਕਿਹੜਾ ਹੈ ਅਤੇ ਕਿਉਂ?
2. ਕਵਿਤਾ ਮਨੋਭਾਵਾਂ ਤੇ ਵਲਵਲਿਆਂ ਦੀ ਬੋਲੀ ਹੈ। ਇਸ ਕਥਨ ਦੇ ਆਧਾਰ ਤੇ ਮਨੁੱਖੀ ਜੀਵਨ ਵਿਚ ਕਵਿਤਾ ਦੇ ਸਥਾਨ ਦੀ ਸਮੀਖਿਆ ਕਰੋ।

### 1.2.7 ਸੁਝਾਈ ਪੁਸਤਕ ਸੂਚੀ


| | | |
|---|---|---|
| ਡਾ. ਟੀ.ਆਰ. ਸ਼ਰਮਾ | : | ਮਾਤ-ਭਾਸ਼ਾ ਦੀ ਸਿੱਖਿਆ |
| ਡਾ. ਰੋਸ਼ਨ ਲਾਲ ਅਹੂਜਾ | : | ਮਾਤ-ਭਾਸ਼ਾ ਦੀ ਸਿੱਖਿਆ |
| ਡਾ. ਟੀ.ਆਰ. ਸ਼ਰਮਾ ਤੇ ਸ: ਇੰਦਰਪਾਲ ਸਿੰਘ | : | ਪੰਜਾਬੀ ਦਾ ਅਧਿਆਪਨ |
| ਡਾ. ਜਸਵੰਤ ਸਿੰਘ | : | ਮਾਤ-ਭਾਸ਼ਾ ਦੀ ਸਿੱਖਿਆ ਵਿਧੀ। |

---

**ਪਾਠ ਨੰਬਰ 1.3** **ਲੇਖਕ :ਡਾ. ਜਗਜੀਤ ਸਿੰਘ**

---

# ਵਾਰਤਕ : ਉਦੇਸ਼ ਤੇ ਪ੍ਰਮੁੱਖ ਵਿਧੀਆਂ

1.3.1 ਭੂਮਿਕਾ
1.3.2 ਵਾਰਤਕ ਸਿੱਖਿਆ ਦਾ ਮਹੱਤਵ
1.3.2.1 ਬੌਧਿਕ ਸਿੱਖਿਆ ਚ ਸਹਾਇਕ
1.3.2.2 ਉਦੇਸ਼ ਪ੍ਰਾਪਤੀ ਵਿੱਚ ਮਦਦਗਾਰ
1.3.2.3 ਵਿਆਕਰਨ ਦੀ ਸਿੱਖਿਆ ਵਿੱਚ ਲਾਭਦਾਇਕ
1.3.2.4 ਸਾਹਿਤ ਪ੍ਰਤੀ ਰੁਚੀ ਪੈਦਾ ਕਰਨਾ
1.3.2.5 ਸਮਾਜਿਕ ਸਿੱਖਿਆ
1.3.2.6 ਕੌਸ਼ਲ ਵਿਕਾਸ ਦਾ ਸਾਧਨ
1.3.2.7 ਸਿੱਟਾ
1.3.3 ਵਾਰਤਕ ਦੇ ਅਧਿਆਪਨ ਉਦੇਸ਼
1.3.3.1 ਸਧਾਰਨ ਉਦੇਸ਼
1.3.3.2 ਵਿਸ਼ੇਸ਼ ਉਦੇਸ਼
1.3.3.2.1 ਸਮਾਜਿਕ ਲੇਖ
1.3.3.2.2 ਅਲੋਚਨਾਤਮਕ ਲੇਖ
1.3.3.2.3 ਕਹਾਣੀ
1.3.3.2.4 ਵਿਗਿਆਨਿਕ ਲੇਖ
1.3.3.2.5 ਜੀਵਣੀ
1.3.4 ਵਾਰਤਕ ਸਿੱਖਿਆ ਦੀਆਂ ਵਿਧੀਆਂ
1.3.4.1 ਅਰਥ ਬੋਧ ਵਿਧੀ
1.3.4.2 ਵਿਆਖਿਆ ਵਿਧੀ
1.3.4.3 ਪ੍ਰਸ਼ਨ ਉੱਤਰ ਵਿਧੀ
1.3.4.4 ਸਮੀਖਿਆ ਵਿਧੀ
1.3.4.5 ਸੰਯੁਕਤ ਵਿਧੀ
1.3.5 ਸੁਝਾਏ ਪ੍ਰਸ਼ਨ –
1.3.6 ਸੁਝਾਈਆਂ ਪੁਸਤਕਾਂ

### 1.3.1 ਭੂਮਿਕਾ

ਅਸਲ ਵਿੱਚ ਵਾਰਤਕ ਸ਼ਬਦ ਦੀ ਸ਼ੁਰੂਆਤ ਪੰਜਾਬੀ ਭਾਸ਼ਾ ਤੋਂ ਨਹੀਂ ਹੋਈ, ਇਹ ਸ਼ਬਦ ਦਾ ਪਿਛੋਕੜ ਅੰਗਰੇਜ਼ੀ, ਸੰਸਕ੍ਰਿਤ ਅਤੇ ਹਿੰਦੀ 'ਚ ਕਿਤੇ ਲੁਕਿਆ ਹੋਇਆ ਹੈ। ਵਾਰਤਕ ਨੂੰ ਅੰਗਰੇਜ਼ੀ ਵਿੱਚ 'Prose'ਕਿਹਾ ਜਾਂਦਾ ਹੈ। 'Prose'ਸ਼ਬਦ ਲਾਤੀਨੀ ਭਾਸ਼ਾ ਦੇ'Prosus' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'Straight forward'ਭਾਵ ਸਿੱਧੀ ਗੱਲਬਾਤ ਜਾਂ ਸਰਲ ਸ਼ਬਦ-ਰਚਨਾ ਹੈ। ਵਾਰਤਕ ਸ਼ਬਦ ਦੀ ਥਾਂ 'ਤੇ ਕਈ ਵਾਰੀ 'ਗਦ'ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ ਵਿੱਚ 'ਗਦ' ਹਿੰਦੀ ਭਾਸ਼ਾ ਤੋਂ ਲਿਆ ਗਿਆ ਹੈ (ਸੰਸਕ੍ਰਿਤ ਵਿੱਚ 'ਗਦਯ' ਜਿਸ ਦਾ ਅਰਥ ਹੈ ਅਜਿਹੀ ਰਚਨਾ ਜੋ ਛੰਦਾਂ ਤੋਂ ਰਹਿਤ ਹੋਵੇ।

ਕੁਝ ਵਿਦਵਾਨਾ ਦਾ ਕਹਿਣਾ ਹੈ ਕਿ 'ਵਾਰਤਕ'ਸ਼ਬਦ ਸੰਸਕ੍ਰਿਤ ਦੇ 'ਵ੍ਰਿਤਿ' ਤੋਂ ਆਇਆ ਹੈ ਜਿਸ ਦਾ ਅਰਥ ਹੈ ਵਿਆਖਿਆ ਕਰਨਾ।

ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਹੋਰ ਰੂਪਾਂ(ਜਿਵੇਂ ਕਹਾਣੀ, ਕਵਿਤਾ, ਗ਼ਜ਼ਲ, ਗੀਤ ਆਦਿ) ਵਾਂਗ ਵਾਰਤਕ ਵੀ ਸਾਹਿਤ ਦਾ ਇੱਕ ਅੰਗ ਹੈ ਜੋ ਛੰਦਾਂ ਤੋਂ ਰਹਿਤ ਹੈ ਪਰ ਇਸ ਵਿੱਚ ਬੌਧਿਕਤਾ ਅਤੇ ਤਰਕ ਅਹਿਮ ਹੈ।

### 1.3.2 ਵਾਰਤਕ ਸਿੱਖਿਆ ਦਾ ਮਹੱਤਵ

ਭਾਸ਼ਾ ਕੋਈ ਵੀ ਹੋਵੇ- ਪੰਜਾਬੀ, ਅੰਗਰੇਜ਼ੀ, ਹਿੰਦੀ, ਉਰਦੂ ਹਰ ਭਾਸ਼ਾ ਵਿੱਚ ਵਾਰਤਕ ਸਿੱਖਿਆ ਦਾ ਅਹਿਮ ਸਥਾਨ ਹੈ ਕਿਉਂਕਿ ਵਾਰਤਕ ਇੱਕ ਪ੍ਰਾਇਮਰੀ ਪੱਧਰ ਦੇ ਛੋਟੇ ਬੱਚੇ ਤੋਂ ਲੈ ਕੇ ਸੀਨੀਅਰ ਸੈਕੰਡਰੀ ਪੱਧਰ ਦੇ ਵਿਦਿਆਰਥੀ ਦਾ ਮਾਰਗ ਦਰਸ਼ਨ ਕਰਦੀ ਹੈ। ਇਸ ਦਾ ਮਹੱਤਵ ਕੁਝ ਇਸ ਪ੍ਰਕਾਰ ਹੈ-

#### 1.3.2.1 ਬੌਧਿਕ ਸਿੱਖਿਆ ਚ ਸਹਾਇਕ

ਵਾਰਤਕ ਸਿੱਖਿਆ ਬੌਧਿਕ ਵਿਕਾਸ ਵਿੱਚ ਬਹੁਤ ਮਦਦ ਕਰਦੀ ਹੈ। ਇਸ ਨਾਲ ਵਿਦਿਆਰਥੀਆਂ ਵਿੱਚ ਤਰਕ ਸ਼ਕਤੀ ਦਾ ਵਿਕਾਸ ਹੁੰਦਾ ਹੈ ਜੋ ਕਿ ਉਨ੍ਹਾਂ ਦਾ ਬੌਧਿਕ ਵਿਕਾਸ ਕਰਦਾ ਹੈ।

#### 1.3.2.2 ਉਦੇਸ਼ ਪ੍ਰਾਪਤੀ ਵਿੱਚ ਮਦਦਗਾਰ

ਸਿੱਖਿਆ ਦਾ ਮੁੱਖ ਉਦੇਸ਼ ਵਿਅਕਤੀ ਦਾ ਸਰਬਪੱਖੀ ਵਿਕਾਸ ਕਰਨਾ ਹੈ ਅਤੇ ਇਸ ਤਰ੍ਹਾਂ ਦੇ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਵਾਰਤਕ ਦੀ ਸਿੱਖਿਆ ਦਾ ਬਹੁਤ ਵੱਡਾ ਰੋਲ ਹੈ।

#### 1.3.2.3 ਵਿਆਕਰਨ ਦੀ ਸਿੱਖਿਆ ਵਿੱਚ ਲਾਭਦਾਇਕ

ਵਾਰਤਕ ਸਿੱਖਿਆ ਨਾਲ ਵਿਦਿਆਰਥੀਆਂ ਨੂੰ ਵਿਆਕਰਨ ਸਿੱਖਣ ਵਿੱਚ ਵੀ ਬਹੁਤ ਮਦਦ ਮਿਲਦੀ ਹੈ। ਵਾਰਤਕ ਰਾਹੀਂ ਵਿਦਿਆਰਥੀ ਵਿਆਕਰਨ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਨਾਲੋਂ-ਨਾਲ ਪ੍ਰਾਪਤ ਕਰਦੇ ਜਾਂਦੇ ਹਨ।

#### 1.3.2.4 ਸਾਹਿਤ ਪ੍ਰਤੀ ਰੁਚੀ ਪੈਦਾ ਕਰਨਾ

ਵਾਰਤਕ ਸਿੱਖਿਆ ਰਾਹੀਂ ਵਿਦਿਆਰਥੀਆਂ ਵਿੱਚ ਸਾਹਿਤ ਪ੍ਰਤੀ ਰੁਚੀ ਪੈਦਾ ਕਰਨ ਵਿੱਚ ਮਦਦ ਮਿਲਦੀ ਹੈ। ਸਾਹਿਤ ਦੇ ਵਿਭਿੰਨ ਰੂਪਾਂ ਦੀ ਜਾਣਕਾਰੀ ਜਿਵੇਂ ਨਾਵਲ, ਕਹਾਣੀ, ਨਾਟਕ, ਇਕਾਂਗੀ ਆਦਿ ਬਾਰੇ ਵਾਰਤਕ ਸਿੱਖਿਆ ਰਾਹੀਂ ਹੀ ਮਿਲਦੀ ਹੈ।

### 1.3.2.5 ਸਮਾਜਿਕ ਸਿੱਖਿਆ

ਵਾਰਤਕ ਸਿੱਖਿਆ ਰਾਹੀਂ ਵਿਦਿਆਰਥੀ ਸਮਾਜਿਕ ਸਿੱਖਿਆ ਵੀ ਪ੍ਰਾਪਤ ਕਰਦੇ ਹਨ। ਸਾਹਿਤ ਸਮਾਜ ਦੀਆਂ ਵੱਖ-ਵੱਖ ਵੰਨਗੀਆਂ ਦਾ ਅਧਿਐਨ ਕਰਦੇ ਹਾਂ। ਇਸ ਤਰ੍ਹਾਂ ਵਾਰਤਕ ਸਿੱਖਿਆ ਸਮਾਜਿਕ ਸਿੱਖਿਆ ਦੀ ਪ੍ਰਾਪਤੀ ਵਿੱਚ ਵੀ ਸਹਾਇਕ ਹੈ।

### 1.3.2.6 ਕੌਸ਼ਲ ਵਿਕਾਸ ਦਾ ਸਾਧਨ

ਵਾਰਤਕ ਸਿੱਖਿਆ ਰਾਹੀਂ ਭਾਸ਼ਾ ਸਿੱਖਿਆ ਦੇ ਚਾਰੋਂ ਕੌਸ਼ਲਾਂ (ਸੁਣਨਾ, ਬੋਲਣਾ, ਪੜ੍ਹਨਾ ਅਤੇ ਲਿਖਣਾ) ਦਾ ਵਿਕਾਸ ਹੁੰਦਾ ਹੈ। ਉਹ ਬੋਲ ਲਿਖਤ, ਵੇਖ-ਲਿਖਤ ਅਤੇ ਹੋਰ ਅਭਿਆਸਾਂ ਰਾਹੀਂ ਵਾਰਤਕ ਪਾਠਾਂ ਦਾ ਪ੍ਰਯੋਗ ਕਰਦਾ ਹੈ।

### 1.3.2.7 ਸਿੱਟਾ

ਉਪਰੋਕਤ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਵਾਰਤਕ ਸਿੱਖਿਆ ਦਾ ਵਿਦਿਆਰਥੀ ਦੇ ਵਿਕਾਸ ਵਿੱਚ ਬਹੁਤ ਅਹਿਮ ਰੋਲ ਹੈ ਅਤੇ ਇਸ ਤੋਂ ਬਿਨਾ ਅਸੀਂ ਭਾਸ਼ਾ ਸਿੱਖਿਆ ਨੂੰ ਪੂਰਨ ਨਹੀਂ ਕਰ ਸਕਦੇ।

### 1.3.3 ਵਾਰਤਕ ਦੇ ਅਧਿਆਪਨ ਉਦੇਸ਼

ਦੁਨੀਆਂ ਭਰ ਦੇ ਵਿਦਿਅਕ ਅਦਾਰਿਆਂ ਦੇ ਉਦੇਸ਼ ਤਾਂ ਬਹੁਤ ਸਾਰੇ ਹੁੰਦੇ ਹਨ ਜਿਨ੍ਹਾਂ ਵਿੱਚੋਂ ਇੱਕ ਉਦੇਸ਼ ਇਹ ਹੁੰਦਾ ਹੈ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਾਉਣਾ ਤਾਂ ਜੋ ਉਹ ਸਮਾਜ, ਆਪਣੇ ਆਲੇ-ਦੁਆਲੇ ਲਈ ਲਾਭਕਾਰੀ ਹੋ ਸਕਣ। ਇਸ ਲਈ ਜ਼ਰੂਰੀ ਹੈ ਕਿ ਵਿਦਿਆਰਥੀ ਸਮਾਜ ਨਾਲ ਦਿਲੋਂ ਜੁੜ ਸਕੇ। ਆਪਸੀ ਸੰਬੰਧ ਤਾਂ ਹੀ ਵਧੀਆ ਹੁੰਦੇ ਹਨ ਜੇ ਅਸੀਂ ਆਪਣੀਆਂ ਭਾਵਨਾਵਾਂ ਨੂੰ ਸਹੀ ਤਰੀਕੇ ਨਾਲ ਦੂਜਿਆਂ ਤੱਕ ਪਹੁੰਚਾ ਸਕੀਏ। ਅਜਿਹੇ ਗੁਣ ਕੇਵਲ ਚੰਗੀ ਵਾਰਤਕ ਨਾਲ ਹੀ ਸੰਭੰਵ ਹਨ।

ਵਾਰਤਕ ਵਿੱਚ ਲੇਖ, ਕਹਾਣੀ ਜੀਵਣੀ ਆਦਿ ਬਹੁਤ ਕੁਝ ਆ ਜਾਂਦਾ ਹੈ । ਇਸ ਤਰ੍ਹਾਂ ਇਨ੍ਹਾਂ ਦੇ ਉਦੇਸ਼ ਵਿੱਚ ਵੀ ਕੁਝ ਫ਼ਰਕ ਹੋ ਸਕਦੇ ਹਨ। ਵੱਖੋ-ਵੱਖਰੀਆਂ ਵੰਨਗੀਆਂ ਵੱਖੋ ਵੱਖਰੇ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਚਲਦੀ ਹੈ। ਆਮ ਤੌਰ ਤੇ ਅਸੀਂ ਵਾਰਤਕ ਸਿੱਖਿਆ ਦੇ ਉਦੇਸ਼ਾਂ ਨੂੰ ਦੋ ਭਾਗਾਂ ਵਿੱਚ ਵੰਡਦੇ ਹਾਂ-

### 1.3.3.1 ਸਧਾਰਨ ਉਦੇਸ਼

ਵਾਰਤਕ ਅਧਿਆਪਨ ਦੇ ਸਧਾਰਨ ਉਦੇਸ਼ ਹੇਠ ਲਿਖੇ ਹਨ-

- ਵਿਦਿਆਰਥੀਆਂ ਵਿੱਚ ਬੋਧ ਸ਼ਕਤੀ ਦਾ ਵਿਕਾਸ ਕਰਨਾ।
- ਵਿਦਿਆਰਥੀਆਂ ਵਿੱਚ ਅਲੋਚਨਾ ਸ਼ਕਤੀ ਦਾ ਵਿਕਾਸ ਕਰਨਾ
- ਸਾਹਿਤ ਵੰਨਗੀਆਂ ਵਿੱਚ ਵਿਦਿਆਰਥੀਆਂ ਦੀ ਰੁਚੀ ਪੈਦਾ ਕਰਨਾ।
- ਬੱਚਿਆਂ ਵਿੱਚ ਸੁਣਨ ਦੀ ਆਦਤ ਵਿਕਸਿਤ ਕਰਨਾ।
- ਬੱਚਿਆਂ ਵਿੱਚ ਕਦਰਾਂ-ਕੀਮਤਾਂ ਦਾ ਵਿਕਾਸ ਕਰਨਾ।
- ਵਿਦਿਆਰਥੀਆਂ ਵਿੱਚ ਲਿਖਣ-ਸ਼ੈਲੀਆਂ ਦਾ ਵਿਕਾਸ ਕਰਨਾ।
- ਵਿਦਿਆਰਥੀਆਂ ਵਿੱਚ ਸ੍ਵੈ-ਅਧਿਐਨ ਦੀ ਆਦਤ ਦਾ ਵਿਕਾਸ ਕਰਨਾ।
- ਵਿਦਿਆਰਥੀਆਂ ਨੂੰ ਮੌਨ ਵਾਚਨ ਕਰਨਾ ਸਿਖਾਉਣਾ।
- ਵਿਦਿਆਰਥੀਆਂ ਦੀਆਂ ਰਚਨਾਤਮਕ ਕਿਰਿਆਵਾਂ ਵਿੱਚ ਵਾਧਾ ਕਰਨਾ।

- ਆਪਣੇ ਭਾਵਾਂ ਨੂੰ ਵੱਖ-ਵੱਖ ਢੰਗਾਂ ਨਾਲ ਪ੍ਰਗਟ ਕਰਨ ਦੇ ਯੋਗ ਬਣਾਉਣਾ।
- ਵਿਦਿਆਰਥੀਆਂ ਵਿੱਚ ਰਸ ਨੂੰ ਮਾਨਣ ਦੀ ਪ੍ਰਵਿਰਤੀ ਪੈਦਾ ਕਰਨਾ।
- ਵਿਦਿਆਰਥੀਆਂ ਦਾ ਚਰਿੱਤਰ ਨਿਰਮਾਣ ਕਰਨਾ।
- ਵਿਦਿਆਰਥੀਆਂ ਦੇ ਬੋਲਣ ਵਿੱਚ ਸ਼ੁੱਧਤਾ ਲੈ ਕੇ ਆਉਣੀ।
- ਵਿਦਿਆਰਥੀਆਂ ਨੂੰ ਮੁਹਾਵਰਿਆਂ ਅਤੇ ਅਖਾਣਾਂ ਦਾ ਗਿਆਨ ਕਰਵਾਉਣਾ।

ਉਪਰੋਕਤ ਦਿੱਤੇ ਸਧਾਰਨ ਉਦੇਸ਼ਾਂ ਨੂੰ ਮੁੱਖ ਰੱਖ ਕੇ ਅਧਿਆਪਕ ਵਿਦਿਆਰਥੀ ਨੂੰ ਵਾਰਤਕ ਸਿੱਖਿਆ ਪ੍ਰਦਾਨ ਕਰਦਾ ਹੈ।

### 1.3.3.2 ਵਿਸ਼ੇਸ਼ ਉਦੇਸ਼

ਵਾਰਤਕ ਸਿੱਖਿਆ ਦੇ ਵਿਸ਼ੇਸ਼ ਉਦੇਸ਼ ਪਾਠ ਦੇ ਅਨੁਸਾਰ ਹੁੰਦੇ ਹਨ। ਜਿਸ ਪ੍ਰਕਾਰ ਦੀ ਪਾਠ-ਸਮੱਗਰੀ ਹੁੰਦੀ ਹੈ, ਉਸੇ ਤਰ੍ਹਾਂ ਦੇ ਉਸ ਦੇ ਵਿਸ਼ੇਸ਼ ਉਦੇਸ਼ ਹੋਣਗੇ। ਜਿਵੇਂ ਜੇਕਰ ਕੋਈ ਪਾਠ ਵਿਗਿਆਨ ਨਾਲ ਸੰਬੰਧਿਤ ਹੈ ਤਾਂ ਉਸ ਦੇ ਵਿਸ਼ੇਸ਼ ਉਦੇਸ਼ ਬੱਚਿਆਂ ਵਿੱਚ ਵਿਗਿਆਨਿਕ ਖੋਜਾਂ ਬਾਰੇ ਰੁਚੀ ਪੈਦਾ ਕਰਨਾ, ਵਿਗਿਆਨਿਕ ਸੋਚ ਦਾ ਦਾਇਰਾ ਵਿਕਸਿਤ ਕਰਨਾ ਆਦਿ ਹੋਣਗੇ। ਜੇਕਰ ਕੋਈ ਕਹਾਣੀ ਨਾਲ ਸੰਬੰਧਿਤ ਪਾਠ ਹੈ ਤਾਂ ਉਸ ਦੇ ਵਿਸ਼ੇਸ਼ ਉਦੇਸ਼ ਵੀ ਵੱਖਰੀ ਤਰ੍ਹਾਂ ਦੇ ਹੋਣਗੇ। ਕੁਝ ਵਾਰਤਕ ਰੂਪਾਂ ਦੇ ਵਿਸ਼ੇਸ਼ ਉਦੇਸ਼ ਇਸ ਪ੍ਰਕਾਰ ਹਨ-

#### 1.3.3.2.1 ਸਮਾਜਿਕ ਲੇਖ

ਵਾਰਤਕ ਵਿੱਚ ਬਹੁਤ ਸਾਰੇ ਸਮਾਜਿਕ ਲੇਖ ਪੜ੍ਹਾਏ ਜਾਂਦੇ ਹਨ। ਅਜਿਹੇ ਲੇਖਾਂ ਨੂੰ ਪੜ੍ਹਾਉਣ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ -

- ਸਮਾਜਿਕ ਗੁਣ ਪੈਦਾ ਕਰਨਾ।
- ਚੰਗੇ ਨਾਗਰਿਕ ਪੈਦਾ ਕਰਨਾ।
- ਚਰਿੱਤਰ ਨਿਰਮਾਣ ਕਰਨਾ।
- ਸਮਾਜ ਬਾਰੇ ਗਿਆਨ ਦੇਣਾ।
- ਸਮਾਜਿਕ ਬੁਰਾਈਆਂ ਤੋਂ ਜਾਣੂ ਕਰਵਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ।

#### 1.3.3.2.2 ਅਲੋਚਨਾਤਮਕ ਲੇਖ

ਇਸ ਪ੍ਰਕਾਰ ਦੇ ਨਿਬੰਧਾਂ ਨੂੰ ਪੜ੍ਹਾਉਣ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ -

- ਖੋਜ-ਸ਼ਕਤੀ ਪੈਦਾ ਕਰਨਾ।
- ਅਲੋਚਨਾਤਮਕ ਪ੍ਰਵਿਰਤੀ ਦਾ ਵਿਕਾਸ ਕਰਨਾ।
- ਬੁੱਧੀ ਦਾ ਵਿਕਾਸ ਕਰਨਾ।
- ਤਰਕ-ਸ਼ਕਤੀ ਦਾ ਵਿਕਾਸ ਕਰਨਾ।

#### 1.3.3.2.3 ਕਹਾਣੀ

ਕਹਾਣੀ ਪੜ੍ਹਾਉਣ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ -

- ਕਹਾਣੀ ਦਾ ਗਿਆਨ ਦੇਣਾ।
- ਕਲਪਨਾ ਸ਼ਕਤੀ ਨੂੰ ਜਾਗ੍ਰਿਤ ਕਰਨਾ।

- ਵਰਨਣ ਸ਼ੈਲੀ ਦਾ ਗਿਆਨ ਦੇਣਾ।
- ਬੱਚਿਆਂ ਦਾ ਚਰਿੱਤਰ ਨਿਰਮਾਣ ਕਰਨਾ।
- ਨੈਤਿਕ ਮੁੱਲਾਂ ਦਾ ਵਿਕਾਸ ਕਰਨਾ।

### 1.3.3.2.4 ਵਿਗਿਆਨਿਕ ਲੇਖ

ਵਾਰਤਕ ਦੇ ਵਿਗਿਆਨਿਕ ਲੇਖਾਂ ਨੂੰ ਪੜ੍ਹਾਉਣ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ –

- ਵਿਗਿਆਨ ਪ੍ਰਤੀ ਰੁਚੀ ਪੈਦਾ ਕਰਨਾ।
- ਵਿਗਿਆਨਕ ਖੋਜਾਂ ਤੋਂ ਜਾਣੂ ਕਰਵਾਉਣਾ।
- ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਨਾ।
- ਵਿਗਿਆਨੀਆਂ ਦੀਆਂ ਜੀਵਣੀਆਂ ਬਾਰੇ ਦੱਸਣਾ।

### 1.3.3.2.5 ਜੀਵਣੀ

ਜੀਵਣੀ ਪੜ੍ਹਾਉਣ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ–

- ਮਹਾਨ ਪੁਰਖਾਂ ਅਤੇ ਮਹਾਨ ਵਿਅਕਤੀਆਂ ਦੀਆਂ ਜੀਵਣੀਆਂ ਦਾ ਗਿਆਨ ਦੇਣਾ।
- ਚਰਿੱਤਰ ਨਿਰਮਾਣ ਕਰਨਾ।
- ਵਿਦਿਆਰਥੀਆਂ ਦੇ ਜੀਵਨ ਅਤੇ ਉਨ੍ਹਾਂ ਦੇ ਆਦਰਸ਼ਾਂ ਦਾ ਗਿਆਨ ਦੇਣਾ।
- ਦੇਸ਼ ਪ੍ਰਤੀ ਪ੍ਰੇਮ ਪੈਦਾ ਕਰਨਾ।
- ਮਹਾਨ ਲੇਖਕਾਂ ਜਾਂ ਵਿਅਕਤੀਆਂ ਦੇ ਜੀਵਨ ਦੀ ਹੱਡ–ਬੀਤੀ ਤੋਂ ਬਹੁਤ ਕੁਝ ਸਿੱਖਣਾ।

## 1.3.4 ਵਾਰਤਕ ਸਿੱਖਿਆ ਦੀਆਂ ਵਿਧੀਆਂ

ਇੱਕ ਅਧਿਆਪਕ ਨੂੰ ਵਾਰਤਕ ਪੜ੍ਹਾਉਣ ਦੇ ਉਦੇਸ਼ਾਂ ਦੇ ਨਾਲ ਨਾਲ ਇਹ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਉਸ ਨੇ ਵਾਰਤਕ ਨੂੰ ਪੜ੍ਹਾਉਣਾ ਕਿਹੜੇ ਢੰਗਾਂ ਨਾਲ ਹੈ। ਸਾਡੇ ਜ਼ਿਆਦਾਤਰ ਅਧਿਆਪਕਾਂ ਨੂੰ ਇਨ੍ਹਾਂ ਵਿਧੀਆਂ ਦਾ ਗਿਆਨ ਨਹੀਂ ਹੁੰਦਾ । ਇੱਕ ਭਾਸ਼ਾ ਅਧਿਆਪਕ ਲਈ ਇਨ੍ਹਾਂ ਵਾਰਤਕ ਵਿਧੀਆਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਵਾਰਤਕ ਪੜ੍ਹਾਉਣ ਦੀਆਂ ਪ੍ਰਮੁੱਖ ਵਿਧੀਆਂ ਅਤੇ ਇਨ੍ਹਾਂ ਵਿਧੀਆਂ ਦਾ ਵੇਰਵਾ ਇਸ ਪ੍ਰਕਾਰ ਹੈ –

### 1.3.4.1 ਅਰਥ ਬੋਧ ਵਿਧੀ

ਇਹ ਵਿਧੀ ਸਕੂਲਾਂ ਵਿੱਚ ਵਾਰਤਕ ਪੜ੍ਹਾਉਣ ਲਈ ਵਰਤੀ ਜਾਣ ਵਾਲੀ ਆਮ ਵਿਧੀ ਹੈ। ਇਸ ਵਿਧੀ ਵਿੱਚ ਸਭ ਤੋਂ ਪਹਿਲਾਂ ਅਧਿਆਪਕ ਵਾਰਤਕ ਦੇ ਇੱਕ ਟੁੱਕੜੇ ਦਾ ਉੱਚੀ ਵਾਚਨ ਕਰਦਾ ਹੈ। ਉਸ ਤੋਂ ਬਾਅਦ ਪਾਠ ਦੇ ਔਖੇ ਸ਼ਬਦਾਂ ਦੇ ਅਰਥ ਦੱਸਦਾ ਹੈ ਅਤੇ ਇਸ ਕੰਮ ਲਈ ਉਹ ਦੇਖਣ–ਸੁਣਨ ਸਹਾਇਕ ਸਾਧਨਾਂ ਦਾ ਵੀ ਪ੍ਰਯੋਗ ਕਰ ਸਕਦਾ ਹੈ। ਉਸ ਤੋਂ ਬਾਅਦ ਔਖੇ ਵਾਕਾਂ ਦੇ ਅਰਥ ਦੱਸਦਾ ਹੈ ਅਤੇ ਵਾਰਤਕ ਦੇ ਵਿਚਾਰਾਂ ਨੂੰ ਸਪੱਸ਼ਟ ਕਰਦਾ ਹੈ।

**1.3.4.2 ਵਿਆਖਿਆ ਵਿਧੀ**

ਇਸ ਵਿਧੀ ਵਿੱਚ ਅਧਿਆਪਕ ਪਹਿਲਾਂ ਵਾਰਤਕ ਦੇ ਟੁਕੜੇ ਦਾ ਉੱਚੀ ਪਾਠ ਕਰਦਾ ਹੈ । ਉਸ ਪੈਰ੍ਹੇ ਵਿੱਚ ਆਏ ਔਖੇ ਸ਼ਬਦਾਂ ਦੇ ਅਰਥ ਦੱਸਦਾ ਹੈ ਅਤੇ ਫੇਰ ਉਸ ਤੋਂ ਬਾਅਦ ਔਖੇ ਵਾਕਾਂ ਦੇ ਅਰਥ ਦੱਸਦਾ ਹੈ। ਨਾਲ-ਨਾਲ ਉਹ ਅਗੇਤਰ, ਪਿਛੇਤਰ, ਸਮਾਸ, ਸੰਧੀ ਆਦਿ ਦੀ ਵੀ ਵਿਆਖਿਆ ਕਰਦਾ ਜਾਂਦਾ ਹੈ। ਭਾਵਾਂ ਨੂੰ ਸਪੱਸ਼ਟ ਕਰਨ ਲਈ ਉਨ੍ਹਾਂ ਦੀ ਵੀ ਵਿਆਖਿਆ ਕਰਦਾ ਹੈ।

**1.3.4.3 ਪ੍ਰਸ਼ਨ ਉੱਤਰ ਵਿਧੀ**

ਇਹ ਵਿਧੀ ਬਿਲਕੁਲ ਵਿਆਖਿਆ ਵਿਧੀ ਦੀ ਤਰ੍ਹਾਂ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਇਸ ਵਿਧੀ ਵਿੱਚ ਅਧਿਆਪਕ ਵਿੱਚ-ਵਿੱਚ ਪ੍ਰਸ਼ਨ ਪੁੱਛਦਾ ਜਾਂਦਾ ਹੈ ਅਤੇ ਵਿਦਿਆਰਥੀ ਉੱਤਰ ਦਿੰਦੇ ਹਨ। ਜੇਕਰ ਵਿਦਿਆਰਥੀ ਕੋਈ ਉੱਤਰ ਦੇਣ ਤੋਂ ਅਸਮਰੱਥ ਹੁੰਦੇ ਹਨ ਤਾਂ ਅਧਿਆਪਕ ਖੁਦ ਉਸ ਪ੍ਰਸ਼ਨ ਦੀ ਵਿਆਖਿਆ ਜਮਾਤ ਵਿੱਚ ਕਰਦਾ ਹੈ।

**1.3.4.4 ਸਮੀਖਿਆ ਵਿਧੀ**

ਇਸ ਵਿਧੀ ਦਾ ਪ੍ਰਯੋਗ ਉੱਚੀਆਂ ਸ਼੍ਰੇਣੀਆਂ ਵਿੱਚ ਕੀਤਾ ਜਾਂਦਾ ਹੈ। ਇਸ ਵਿਧੀ ਦਾ ਪ੍ਰਯੋਗ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਵਿਦਿਆਰਥੀ ਭਾਸ਼ਾਈ ਕੌਸ਼ਲਾਂ ਵਿੱਚ ਸੰਪੂਰਨਤਾ ਪ੍ਰਾਪਤ ਕਰ ਲੈਂਦੇ ਹਨ। ਇਸ ਵਿਧੀ ਵਿੱਚ ਨਿਬੰਧ ਦੇ ਤੱਤਾਂ ਦਾ ਵਿਸ਼ਲੇਸ਼ਣ ਕਰਕੇ, ਉਸ ਦੇ ਗੁਣਾ-ਦੋਸ਼ਾਂ ਦੀ ਪਰਖ਼ ਕੀਤੀ ਜਾਂਦੀ ਹੈ।

**1.3.4.5.ਸੰਯੁਕਤ ਵਿਧੀ**

ਉਪਰੋਕਤ ਦੱਸੀਆਂ ਵਿਧੀਆਂ ਨੂੰ ਜਦੋਂ ਅਧਿਆਪਕ ਮਿਲਾ ਕੇ ਪੜ੍ਹਾਉਂਦਾ ਹੈ ਤਾਂ ਉੱਥੇ ਸੰਯੁਕਤ ਵਿਧੀ ਦਾ ਪ੍ਰਯੋਗ ਹੋ ਰਿਹਾ ਹੁੰਦਾ ਹੈ। ਅਧਿਆਪਕ ਆਪਣੇ ਪਾਠ ਦੀ ਜ਼ਰੂਰਤ ਦੇ ਅਨੁਸਾਰ ਵੱਖ-ਵੱਖ ਵਿਧੀਆਂ ਦੀ ਵਰਤੋਂ ਕਰਦਾ ਹੈ । ਇਹੀ ਸੰਯੁਕਤ ਵਿਧੀ ਹੈ।

**1.3.5 ਸੁਝਾਏ ਪ੍ਰਸ਼ਨ –**

- ਵਾਰਤਕ ਸਿੱਖਿਆ ਤੋਂ ਕੀ ਭਾਵ ਹੈ। ਇਸ ਦੇ ਮਹੱਤਵ ਬਾਰੇ ਵਿਸਥਾਰਪੂਰਬਕ ਚਰਚਾ ਕਰੋ।
- ਵਾਰਤਕ ਸਿੱਖਿਆ ਦੇ ਉਦੇਸ਼ਾਂ ਨੂੰ ਅਸੀਂ ਕਿਹੜੇ-ਕਿਹੜੇ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ ? ਦੋਨਾ ਦੀ ਵਿਆਖਿਆ ਵਿਸਥਾਰ ਸਹਿਤ ਕਰੋ।
- ਵਾਰਤਕ ਦੇ ਅਧੀਨ ਆਉਂਦੇ ਸਮਾਜਿਕ ਲੇਖ, ਵਿਗਿਆਨਿਕ ਲੇਖ, ਅਲੋਚਨਾਤਮਕ ਲੇਖ, ਕਹਾਣੀ, ਜੀਵਣੀ ਆਦਿ ਨੂੰ ਪੜ੍ਹਾਉਣ ਦੇ ਵਧੀਆ ਢੰਗਾਂ ਨੂੰ ਬਿਆਨ ਕਰੋ।
- ਹਾਈ ਸਕੂਲਾਂ ਵਿੱਚ ਵਾਰਤਕ ਪੜ੍ਹਾਉਣ ਲਈ ਕਿਹੜੀਆਂ-ਕਿਹੜੀਆਂ ਵਿਧੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ?

**1.3.6 ਸੁਝਾਈਆਂ ਪੁਸਤਕਾਂ**


- ਸਿੰਘ ਜਗਜੀਤ (2011) ਪੰਜਾਬੀ ਕਿਵੇਂ ਪੜ੍ਹਾਈਏ, ਪਟਿਆਲਾ : ਮਾਨ ਪਬਲੀਕੇਸ਼ਨਜ਼।
- ਸਿੰਘ, ਤੀਰਥ (2010) ਪੰਜਾਬੀ ਅਧਿਆਪਨ, ਜਲੰਧਰ : ਮਾਡਰਨ ਪਬਲਿਸ਼ਰਜ਼।
- ਸੇਖੋਂ, ਸੁਖਵਿੰਦਰ ਸਿੰਘ ਅਤੇ ਸੇਖੋਂ, ਮਨਦੀਪ ਕੌਰ (2009) ਪੰਜਾਬੀ ਭਾਸ਼ਾ ਦਾ ਅਧਿਆਪਨ, ਜਲੰਧਰ: ਗੌਤਮ ਗ੍ਰਾਫਿਕ ਪ੍ਰਿੰਟਰਜ਼।

- ਧੰਜੂ, ਜਗਨੂਪ ਕੌਰ ਅਤੇ ਸੁਰਿੰਦਰਪਾਲ ਕੌਰ ਢਿੱਲੋਂ (2011) ਪੰਜਾਬੀ ਭਾਸ਼ਾ ਦਾ ਅਧਿਆਪਨ। ਲੁਧਿਆਣਾ : ਵਿਨੋਦ ਪਬਲੀਕੇਸ਼ਨਜ਼।
- ਨੰਦਰਾ , ਇੰਦਰਦੇਵ ਸਿੰਘ (2014) ਪੰਜਾਬੀ ਭਾਸ਼ਾ ਦਾ ਅਧਿਆਪਨ, ਪਟਿਆਲਾਯ ਇੱਕੀਵੀਂ ਸਦੀ ਪਬਲੀਕੇਸ਼ਨਜ਼।

ਪਾਠ ਨੰ: 1.4 ਲੇਖਕਾ : ਐਮ.ਕੇ. ਗੁਪਤਾ

## ਵਿਆਕਰਣ ਅਧਿਆਪਣ ਉਦੇਸ਼ ਅਤੇ ਪ੍ਰਮੁੱਖ ਵਿਧੀਆਂ

1.4.0 ਪਾਠ ਦੀ ਬਣਤਰ

1.4.1 ਉਦੇਸ਼

1.4.2 ਜਾਣ-ਪਛਾਣ ਅਤੇ ਅਰਥ

1.4.3 ਵਿਆਕਰਣ ਪੜਾਉਣ ਦੇ ਉਦੇਸ਼

1.4.4 ਵਿਆਕਰਣ ਪੜ੍ਹਾਉਣ ਦੀਆਂ ਵਿਧੀਆਂ

1.4.5 ਸੁਝਾਏ ਪ੍ਰਸ਼ਨ

1.4.6 ਸੁਝਾਈਆਂ ਪੁਸਤਕਾਂ

**1.4.1 ਉਦੇਸ਼:** ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਸਕਣਗੇ ਕਿ:

1) ਵਿਆਕਰਣ ਕੀ ਹੈ।
2) ਵਿਆਕਰਣ ਪੜ੍ਹਾਉਣ ਦੇ ਕਿਹੜੇ ਢੰਗ ਹਨ।
3) ਵਿਆਕਰਣ ਪੜ੍ਹਾਉਣ ਦੇ ਕੀ ਕੀ ਉਦੇਸ਼ ਹਨ।

**1.4.2 ਜਾਣ-ਪਛਾਣ ਅਤੇ ਅਰਥ:**

ਵਿਆਕਰਣ ਦਾ ਸ਼ਬਦੀ ਅਰਥ ਹੈ ਨਿਖੇੜਾ, ਵਿਸ਼ਲੇਸ਼ਣ ਜਾਂ ਵੰਡ ਕਰਨਾ ਜਾਂ ਵੇਰਵਾ ਦੇਣਾ, ਇਸ ਤੋਂ ਭਾਵ ਹੈ ਕਿ ਕਿਸੇ ਭਾਸ਼ਾ ਨੂੰ ਵਿਸਥਾਰ ਸਹਿਤ ਖੋਲ ਕੇ ਬਿਆਨ ਕਰਨ ਤੋਂ ਲੈ ਕੇ ਸਮਝਣ ਯੋਗ ਬਣਾਉਣ ਤੱਕ, ਦੇਣ ਵਾਲਾ ਗਿਆਨ। ਸ਼ਾਇਦ ਇਹੋ ਹੀ ਕਾਰਨ ਹੋਵੇ ਕਿ ਸਦੀਆਂ ਤੋਂ ਵਿਆਕਰਣ ਨੇ ਵਿਦਵਾਨਾਂ ਨੂੰ ਆਪਣੇ ਮਹੱਤਵ ਤੋਂ ਜਾਗਰੂਕ ਕਰਕੇ ਰੱਖਿਆ ਹੋਵੇ ਤੇ ਉਨ੍ਹਾਂ ਨੂੰ ਸ਼ੁੱਧ ਰੂਪ ਵਿਚ ਭਾਸ਼ਾ ਦੀ ਵਰਤੋਂ ਕਰਨ ਦੇ ਮਾਰਗ ਤੇ ਤੋਰਿਆ ਹੋਵੇ। ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਜਦ ਅਸੀਂ ਦੇਖਦੇ ਹਾਂ ਕਿ ਵਿਆਕਰਣ ਇੱਕ, ਖੁਸ਼ਕ, ਨੀਰਸ, ਔਖਾ ਤੇ ਬੋਝਲ ਵਿਸ਼ਾ ਹੋਣ ਦੇ ਬਾਵਜੂਦ ਵੀ ਹਮੇਸ਼ਾਂ ਭਾਸ਼ਾ ਸਿੱਖਿਆ ਦਾ ਅਹਿਮ ਅੰਗ ਬਣਿਆ ਰਿਹਾ ਹੈ ਤੇ ਅਸੀਂ ਇਸ ਦੀ ਅਹਿਮੀਅਤ ਤੋਂ ਮੁਨਕਰ ਨਹੀਂ ਹੋ ਸਕੇ।

ਵਿਆਕਰਣ ਕਿਸੇ ਭਾਸ਼ਾ ਦਾ ਅਨੁਸ਼ਾਸ਼ਨ ਹੁੰਦਾ ਹੈ। ਜੋ ਭਾਸ਼ਾ ਨੂੰ ਇਕ ਵਿਵਸਥਾ ਪ੍ਰਦਾਨ ਕਰਦਾ ਹੈ ਤੇ ਵਿਵਸਤ ਅਤੇ ਨਿਯਮ ਬੱਧ ਭਾਸ਼ਾ ਨੂੰ ਸਿੱਖਣਾ ਮਨੁੱਖ ਲਈ ਸਹਿਜ ਹੁੰਦਾ ਹੈ।

ਵਿਆਕਰਣ ਭਾਸ਼ਾ ਦੇ ਕਈ ਅਜਿਹੇ ਪਰ ਸਾਧਾਰਨ ਤੱਤਾਂ ਨੂੰ ਸਾਹਮਣੇ ਲਿਆਉਂਦਾ ਹੈ, ਜਿਨ੍ਹਾਂ ਬਾਰੇ ਆਮ ਤੌਰ ਤੇ ਅਸੀਂ ਅਵੇਸਲੇ ਹੁੰਦੇ ਹਾਂ। ਦਰਅਸਲ ਕਿਸੇ ਭਾਸ਼ਾ ਅਤੇ ਉਸ ਦੇ ਸਾਹਿਤ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਸਹਿਯੋਗ ਦੇਣ ਵਾਲਾ ਸਾਧਨ ਹੈ। ਕਈ ਵਾਰ ਤਾਂ ਦੂਜੀ ਭਾਸ਼ਾ ਨੂੰ ਸਿੱਖਣ ਵਿਚ ਵੀ ਵਿਆਕਰਣ ਸਹਾਈ ਹੁੰਦਾ ਹੈ।

ਕਿਸੇ ਵੀ ਬੋਲੀ ਦਾ ਟਕਸਾਲੀ ਰੂਪ ਜਾਨਣ ਲਈ ਵਿਆਕਰਣ ਦਾ ਗਿਆਨ ਹੋਣਾ ਜ਼ਰੂਰੀ ਹੈ। ਥਾਮਸਨ ਵੱਟ ਅਨੁਸਾਰ ਬੋਲੀ ਸਿੱਖਿਆ ਦੇ ਅਧਿਆਪਕ ਅਤੇ ਵਿਦਿਆਰਥੀ ਦੋਹਾਂ ਲਈ ਵਿਆਕਰਣ ਦਾ ਗਿਆਨ ਜ਼ਰੂਰੀ ਹੈ।

ਪੰਜਾਬੀ ਬੋਲੀ ਵਿਚ ਕਈ ਹੋਰ ਬੋਲੀਆਂ ਦੇ ਸ਼ਬਦ ਰਲਦੇ ਮਿਲਦੇ ਹਨ। ਜੇਕਰ ਸ਼ਬਦਾਂ ਦੇ ਇਸ

ਰਲੇ ਨੂੰ ਨੇਮ ਬੱਧ ਨਾ ਕੀਤਾ ਜਾਵੇ, ਤਾਂ ਭਾਸ਼ਾ ਦਾ ਰੂਪ ਵਿਗੜ ਜਾਂਦਾ ਹੈ। ਕੇਵਲ ਉਹ ਹੀ ਸ਼ਬਦ ਪੰਜਾਬੀ ਭਾਸ਼ਾ ਦੇ ਮੰਨੇ ਜਾਂਦੇ ਹਨ ਜੋ ਪੰਜਾਬੀ ਵਿਆਕਰਣ ਦੇ ਨੇਮਾਂ ਅਨੁਸਾਰ ਪੂਰੇ ਉਤਰਦੇ ਹੋਣ। ਕਿਸੇ ਵੀ ਬੋਲੀ ਦੀ ਸ਼ਬਦਾਵਲੀ ਨੂੰ ਟਕਸਾਲਣ ਲਈ ਵਿਆਕਰਣ ਸਹਾਇਤਾ ਕਰਦਾ ਹੈ। ਅਸੀਂ ਆਮ ਤੌਰ ਤੇ ਪੰਜਾਬੀ ਬੋਲਣ ਸਮੇਂ, ਲਿਖਣ ਸਮੇਂ, ਨੇਮਾਂ ਦੀ ਪਾਲਣਾ ਕਰਨੀ ਜ਼ਰੂਰੀ ਨਹੀਂ ਸਮਝਦੇ। ਜੇ ਬਿੰਦੀ, ਟਿਪੀ ਲਗ ਗਈ ਤਾਂ ਵੀ ਠੀਕ ਹੈ ਜੇ ਰਹਿ ਜਾਵੇ ਤਾਂ ਵੀ ਅਸੀਂ ਪ੍ਰਵਾਹ ਨਹੀਂ ਕਰਦੇ ਬੋਲੀ ਦਾ ਸ਼ੁੱਧ ਰੂਪ ਪ੍ਰਚਲਤ ਕਰਨਾ ਅਤੇ ਉਸ ਨੂੰ ਕਾਇਮ ਰੱਖਣਾ ਸਾਡਾ ਫਰਜ਼ ਹੈ।

ਕਿਸੇ ਬੋਲੀ ਵਿਚ ਪ੍ਰਚਲਿਤ ਮੁਹਾਵਰੇ ਨਿਸ਼ਚਿਤ ਕਰਨਾ ਵਿਆਕਰਣ ਦਾ ਹੀ ਕੰਮ ਹੈ। ਬੋਲੀ ਵਿਚ ਪ੍ਰਚਲਤ ਸ਼ਬਦ ਭੇਦ, ਲਿੰਗ ਤੇ ਵਚਨ ਭੇਤ ਕਾਰਕ ਆਦਿ ਬਾਰੇ ਜਾਣਕਾਰੀ ਦੇਣਾ ਵਿਆਕਰਣ ਦਾ ਫਰਜ਼ ਹੈ।

ਵਾਕ ਬਣਤਰ ਵੀ ਵਿਆਕਰਣ ਦੇ ਨੇਮਾਂ ਅਨੁਸਾਰ ਹੀ ਹੋਣੀ ਚਾਹੀਦੀ ਹੈ। ਵਿਆਕਰਣ ਦੇ ਨੇਮਾਂ ਦੀ ਜਾਣਕਾਰੀ ਭਾਸ਼ਾ ਪ੍ਰਗਟਾਅ ਨੂੰ ਸੁੰਦਰ ਬਣਾਉਣ ਲਈ ਜ਼ਰੂਰੀ ਹੁੰਦਾ ਹੈ। ਵਿਦਿਆਰਥੀਆਂ ਦੀਆਂ ਉਚਾਰਨ ਅਤੇ ਲਿਖਤ ਰਚਨਾ ਸੰਬੰਧੀ ਮੁਸ਼ਕਿਲਾਂ ਦੂਰ ਕਰਨ ਲਈ ਵਿਆਕਰਣ ਦਾ ਗਿਆਨ ਸਹਾਈ ਹੁੰਦਾ ਹੈ। ਆਪਣੀਆਂ ਔਕੜਾਂ ਆਪ ਦੂਰ ਕਰਨ ਲਈ ਵਿਦਿਆਰਥੀਆਂ ਨੂੰ ਵਿਆਕਰਣ ਦੇ ਨੇਮਾਂ ਦਾ ਗਿਆਨ ਜ਼ਰੂਰੀ ਹੈ। ਜਿਸ ਅਧਿਆਪਕ ਨੂੰ ਵੀ ਵਿਆਕਰਣ ਦਾ ਪੂਰਾ ਗਿਆਨ ਨਹੀਂ ਉਹ ਵਿਦਿਆਰਥੀਆਂ ਦੀਆਂ ਲਿਖਤਾਂ ਨੂੰ ਠੀਕ ਢੰਗ ਨਾਲ ਸੋਧ ਨਹੀਂ ਸਕੇਗਾ।

ਵਿਆਕਰਣ ਦੀ ਪੜ੍ਹਾਈ ਨਾਲ ਵਿਦਿਆਰਥੀ ਆਪਣੀਆਂ ਭਾਸ਼ਾ ਸੰਬੰਧੀ ਗਲਤੀਆਂ ਨੂੰ ਸੋਧਦੇ ਹਨ।

ਵਿਆਕਰਣ ਦਾ ਗਿਆਨ ਕਿਸੇ ਲੇਖਕ ਦੀ ਰਚਨਾ ਨੂੰ ਸਰਲ, ਸੰਖੇਪ, ਭਾਵ ਅਨੁਕੂਲ, ਸਪਸ਼ਟ ਤੇ ਨਿਆਇਸ਼ੀਲ ਬਣਾਉਣ ਵਿਚ ਸਹਾਈ ਹੁੰਦਾ ਹੈ। ਉਹਨਾਂ ਲਿਖਤਾਂ ਨੂੰ ਜ਼ਿਆਦਾ ਤਰਜੀਹ ਮਿਲਦੀ ਹੈ। ਜਿਹਨਾਂ ਦੇ ਲੇਖਕ ਵਿਆਕਰਣ ਦੇ ਨੇਮਾਂ ਦੀ ਪਾਲਣਾ ਕਰਦੇ ਹਨ ਅਤੇ ਵਿਆਕਰਣ ਦੇ ਨਿਯਮਾਂ ਦਾ ਗਿਆਨ ਰੱਖਦੇ ਹਨ। ਸੁਲਝੀ ਹੋਈ ਸਾਹਿਤਕ ਬੋਲੀ ਦੀ ਸੰਭਾਵਨਾ ਵਿਆਕਰਣ ਦੇ ਗਿਆਨ ਤੋਂ ਬਿਨਾਂ ਪੂਰੀ ਨਹੀਂ ਹੋ ਸਕਦੀ।

ਵਿਆਕਰਣ, ਭਾਸ਼ਾ ਵਿਗਿਆਨ ਦਾ ਜ਼ਰੂਰੀ ਅੰਗ ਹੈ। ਭਾਸ਼ਾ ਵਿਗਿਆਨ ਤੇ ਵਿਆਕਰਣ ਦੋਵੇਂ ਹੀ 'ਸ਼ਬਦ ਸ਼ਾਸ਼ਤਰ' ਹਨ। ਦੋਹਾਂ ਦਾ ਸੰਬੰਧ ਭਾਸ਼ਾ ਨਾਲ ਹੈ। ਦੋਹਾਂ ਦਾ ਨਜ਼ਦੀਕੀ ਸੰਬੰਧ ਹੈ। ਵਿਆਕਰਣ ਵਿਚ ਵਰਣਨ ਦੀ ਪ੍ਰਧਾਨਤਾ ਹੁੰਦੀ ਹੈ ਤੇ ਭਾਸ਼ਾ ਵਿਗਿਆਨ ਵਿਚ ਵਿਸ਼ਲੇਸ਼ਣ ਦੀ ਪ੍ਰਧਾਨਤਾ ਹੈ।

ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਵਿਆਕਰਣ ਦੀ ਪੜ੍ਹਾਈ, ਕਿਸੇ ਵੀ ਭਾਸ਼ਾ ਦੇ ਸ਼ੁੱਧ ਰੂਪ ਨੂੰ ਸਮਝਣ ਤੇ ਲਿਖਣ ਲਈ ਬਹੁਤ ਜ਼ਰੂਰੀ ਹੈ। ਕਿਉਂਕਿ ਵਿਆਕਰਣ ਬੋਲੀ ਦੀ ਸਾਇੰਸ ਹੈ। ਕਿਸੇ ਵੀ ਬੋਲੀ ਨੂੰ ਅਸੀਂ ਤਾਂ ਹੀ ਸਿੱਖ ਸਕਦੇ ਹਾਂ, ਜੇ ਅਸੀਂ ਇਸ ਨੂੰ ਨਿਰਧਾਰਤ ਕਰਨ ਵਾਲੇ ਨਿਯਮਾਂ ਨੂੰ ਸਮਝਦੇ ਹਾਂ। ਚੰਗੀ ਸੋਚ ਚੰਗੀ ਬੋਲਚਾਲ ਅਤੇ ਚੰਗੀ ਲਿਖਤ ਲਈ ਵਿਆਕਰਣ ਦਾ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। ਵਿਆਕਰਣ ਦੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਲੋੜ ਕੇਵਲ ਇਹ ਹੈ ਕਿ ਵਿਆਕਰਣ ਦੀ ਪੜ੍ਹਾਈ ਦੇ ਢੰਗ ਨੂੰ ਸੁਧਾਰਿਆ ਜਾਵੇ, ਤਾਂ ਕਿ ਬੱਚੇ ਇਸ ਪੜ੍ਹਾਈ ਨੂੰ ਵਾਧੂ ਬੋਝ ਨਾ ਸਮਝਣ, ਸਗੋਂ ਇਸ ਵਿਚ ਦਿਲਚਸਪੀ ਲੈਣ। ਪੜਾਉਣ ਦਾ ਢੰਗ ਇਤਨਾ ਰੋਚਕ ਤੇ ਦਿਲਚਸਪ ਹੋਣਾ ਚਾਹੀਦਾ ਹੈ ਕਿ ਬੱਚੇ ਸੁਤੰਤਰ ਰੂਪ ਵਿਚ ਬਿਨਾਂ ਕਿਸੇ ਔਕੜ ਦੇ ਵਿਆਕਰਣ ਦਾ ਗਿਆਨ ਪ੍ਰਾਪਤ ਕਰ ਸਕਣ।

### 1.4.3 ਵਿਆਕਰਨ ਅਧਿਆਪਨ ਦੇ ਉਦੇਸ਼:

ਵਿਆਕਰਣ ਭਾਸ਼ਾ ਦਾ ਅਨਿੱਖੜਵਾ ਅੰਗ ਹੈ। ਇਹ ਭਾਸ਼ਾ ਨੂੰ ਸਿੱਖਣ ਦਾ ਮਹੱਤਵਪੂਰਨ ਸਾਧਨ ਹੈ। ਵਿਆਕਰਨ ਭਾਸ਼ਾ ਦਾ ਉਹ ਹਿੱਸਾ ਹੈ ਜੋ ਵਿਦਿਆਰਥੀਆਂ ਨੂੰ ਭਾਸ਼ਾ ਦਾ ਸ਼ੁੱਧ ਰੂਪ ਪਹਿਚਾਨਣ ਵਿੱਚ ਮਦਦ ਕਰਦਾ ਹੈ ਅਤੇ ਉਹਨਾਂ ਨੂੰ ਭਾਸ਼ਾ ਦੀ ਵਰਤੋ ਦੇ ਵਿਚ ਨਿਪੁੰਨ ਬਣਾਉਂਦਾ ਹੈ ਵਿਆਕਰਨ ਅਧਿਆਪਣ ਦੇ ਓਦੇਸ਼ ਹੇਠ ਲਿਖੇ ਅਨੁਸਾਰ ਹਨ।

(ੳ) ਵਿਆਕਰਣ ਅਧਿਆਪਣ ਦਾ ਉਦੇਸ਼ ਭਾਸ਼ਾ ਦਾ ਸ਼ੁੱਧ ਰੁਪ ਨਿਰਮਤ ਕਰਨ ਦੀ ਯੋਜਨਾ ਦਾ ਵਿਕਾਸ

ਕਰਨਾ ਹੁੰਦਾ ਹੈ। ਵਿਆਕਰਣ ਗਿਆਨ ਨਾਲ ਹੀ ਹੁੰਦਾ ਹੈ। ਵਿਆਕਰਣ ਗਿਆਨ ਨਾਲ ਹੀ ਭਾਸ਼ਾ ਨੂੰ ਸ਼ੁੱਧ ਰੂਪ ਵਿਚ ਪੜ੍ਹਿਆ, ਬੋਲਿਆ ਅਤੇ ਲਿਖਿਆ ਜਾ ਸਕਦਾ ਹੈ।

(ਅ) ਵਿਆਕਰਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਧੁਨੀਆਂ, ਲਿਪੀ, ਸਬਦ ਬੋਧ, ਅਰਥ ਬੋਧ, ਸ਼ਬਦ ਯੋਜਨਾ ਆਦਿ ਦੀ ਜਾਣਕਾਰੀ ਦੇਣਾ ਹੁੰਦਾ ਹੈ।

(ੲ) ਭਾਸ਼ਾ ਦੀ ਸ਼ੁੱਧ ਵਰਤੋ, ਵਾਕ ਰਚਨਾ, ਕਿਸਮਾਂ, ਵਿਸ਼ਰਾਮ ਚਿੰਨਾਂ ਦੀ ਸਹੀ ਵਰਤੋ ਂ ਦੀ ਸਮਰੱਥਾ ਦਾ ਵਿਕਾਸ ਕਰਨਾ ਵਿਆਕਰਨ ਅਧਿਆਪਣ ਦੇ ਉਦੇਸ਼ਾਂ ਵਿਚੋ ਂ ਇਕ ਹੈ।

(ਸ) ਵਿਆਕਰਨ ਦਾ ਉਦੇਸ਼ ਭਾਸ਼ਾ ਦਾ ਵਿਸ਼ਲੇਸਣ ਕਰਨ ਦੀ ਸਮਰੱਥਾ ਦਾ ਵਿਕਾਸ ਕਰਨਾ ਹੈ। ਇਸ ਨਾਲ ਵਿਅਕਤੀ ਗੁਣ ਅਤੇ ਦੋਸ਼ਾ ਨੂੰ ਸਮਝਣ ਅਤੇ ਦੋਸ਼ਾ ਨੂੰ ਦੂਰ ਕਰਨ ਦੇ ਸਮਰੱਥ ਹੋ ਜਾਂਦਾ ਹੈ।

(ਹ) ਵਿਆਕਰਣ ਵਿਦਿਆਰਥੀਆਂ ਵਿਚ ਸਿਰਜਣਾਤਮਕ ਪ੍ਰਵਿਰਤੀਆਂ ਦਾ ਵਿਕਾਸ ਕਰਨ ਦੇ ਨਾਲ ਨਾਲ ਤਰਕ ਸ਼ਕਤੀ ਦਾ ਵੀ ਵਿਕਾਸ ਕਰਦਾ ਹੈ।

(ਕ) ਵਿਆਕਰਣ ਅਧਿਆਪਣ ਦਾ ਇੱਕ ਉਦੇਸ਼ ਇਹ ਵੀ ਹੈ ਕਿ ਵਿਆਕਰਣ ਦਾ ਗਿਆਨ ਸਾਹਿਤਕ ਭਾਸ਼ਾ ਸਮਝਣ ਵਿੱਚ ਮਦਦ ਕਰਦਾ ਹੈ।

(ਖ) ਵਿਆਕਰਣ ਦਾ ਉਦੇਸ਼ ਭਾਸ਼ਾ ਦਾ ਸਹੀ ਉਚਾਰਣ ਹੈ। ਵਿਆਕਰਣ, ਵਿਦਿਆਰਥੀਆਂ ਨੂੰ ਢੁੱਕਵੇ ਸ਼ਬਦਾਂ ਦੀ ਵਰਤੋ, ਲਿੰਗ ਭੇਦ, ਨਾਵਾਂ, ਪੜ੍ਹਨਾਵਾਂ ਦੁਆਰਾ ਸਹੀ ਬੋਲ ਚਾਲ ਦੀ ਸਮਰੱਥਾ ਦਾ ਵਿਕਾਸ ਕਰਦਾ ਹੈ।

(ਗ) ਵਿਆਕਰਣ ਪੜ੍ਹਾਉਣ ਦਾ ਢੰਗ ਭਾਸ਼ਾ ਦੀ ਸਹੀ ਲਿਖਤ ਕਰਨ ਦੀ ਸਮਰੱਥਾ ਦਾ ਵਿਕਾਸ ਵੀ ਹੈ। ਵਿਸ਼ਰਾਮ ਚਿੰਨ, ਸਹੀ ਸ਼ਬਦ , ਵਾਕ, ਬਣਤਰ ਆਦਿ ਸਹੀ ਲਿਖਤ ਵਿਚ ਮਦਦ ਕਰਦੇ ਹਨ।

**1.4.4. ਵਿਆਕਰਣ ਪੜ੍ਹਾਉਣ ਦੀਆਂ ਵਿਧੀਆਂ**

ਵਿਆਕਰਣ ਭਾਸ਼ਾ ਸਿੱਖਣ ਦਾ ਸਾਧਨ ਹੈ, ਪਰੰਤੂ ਇਸ ਸਾਧਨ ਦੀ ਵਰਤੋਂ ਬੜੇ ਹੀ ਧਿਆਨ ਦੇ ਨਾਲ ਕਰਨੀ ਪੈਂਦੀ ਹੈ। ਤਾਂ ਕਿ ਬੱਚਿਆਂ ਦਾ ਵਿਆਕਰਣ ਦੀ ਪੜ੍ਹਾਈ ਵਿਚ ਸ਼ੋਕ ਪੈਦਾ ਹੋ ਸਕੇ। ਉਹ ਕੇਵਲ ਪ੍ਰੀਖਿਆ ਦੀਆਂ ਲੋੜਾਂ ਨੂੰ ਹੀ ਮੁੱਖ ਰੱਖਕੇ ਪੁਸਤਕ ਵਿਚ ਵਿਆਕਰਣ ਦੇ ਨੇਮਾਂ ਦੇ ਰੱਟੇ ਨਾ ਲਾਉਣ ਸਗੋਂ ਹਰ ਚੀਜ਼ ਸਮਝ ਕੇ ਉਸਦੀ ਠੀਕ ਵਰਤੋਂ ਕਰਨੀ ਸਿੱਖ ਸਕਣ। ਵਿਆਕਰਣ ਦੀ ਪੜ੍ਹਾਈ ਵਿਚ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਹਰ ਨਿਯਮ ਵਿਦਿਆਰਥੀਆਂ ਦੀ ਸਮਝ ਵਿਚ ਬਿਠਾਉਣ ਦੀ ਕੋਸ਼ਿਸ਼ ਕਰੇ। ਸਾਡੇ ਸਕੂਲਾਂ ਵਿਚ ਵਿਆਕਰਣ ਦੀ ਪੜ੍ਹਾਈ ਵਲ ਖਾਸ ਧਿਆਨ ਨਹੀਂ ਦਿੱਤਾ ਜਾਂਦਾ। ਵਿਆਕਰਣ ਦੀ ਪੜ੍ਹਾਈ ਦਾ ਢੰਗ ਬੜਾ ਘਟੀਆ ਤੇ ਗੈਰ ਮਨੋਵਿਗਿਆਨਕ ਹੈ। ਵਿਆਕਰਣ ਨੂੰ ਬੋਲੀ ਸਿੱਖਿਆ ਦਾ ਇਕ ਵੱਖਰਾ ਭਾਗ ਸਮਝ ਦੇ ਇਸ ਦੀ ਪੜ੍ਹਾਈ ਲਈ ਟਾਈਮ ਟੇਬਲ ਵਿਚ ਵੱਖਰਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਜਮਾਤ ਦੀ ਪੱਧਰ ਨੂੰ ਮੁੱਖ ਰਖਦਿਆਂ ਵਿਆਕਰਣ ਦੀਆਂ ਪੁਸਤਕਾਂ ਲਗਾ ਦਿੱਤੀਆਂ ਜਾਂਦੀਆਂ ਹਨ। ਅਧਿਆਪਕ ਵਿਆਕਰਣ ਦੀ ਪੁਸਤਕ ਨੂੰ ਵੀ ਹੋਰਨਾ ਪੁਸਤਕਾਂ ਵਾਂਗ ਹੀ ਪੜ੍ਹਾਉਂਦੇ ਹਨ। ਅਧਿਆਪਕ ਕਿਤਾਬ ਦੀ ਪੜ੍ਹਾਈ ਕਰਾ ਦਿੰਦੇ ਹਨ। ਕਿਧਰੇ-ਕਿਧਰੇ ਥੋੜੀ ਜਿਹੀ ਵਿਆਖਿਆ ਕਰ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਬੱਚਿਟਾਂ ਦੀ ਸਮਝ ਵਿਚ ਕੁੱਝ ਨਹੀਂ ਆਉਂਦਾ। ਬਾਅਦ ਵਿਚ ਉਹਨਾਂ ਨੂੰ ਕਿਤਾਬ ਵਿਚੋਂ ਨਿਯਮਾਂ ਨੂੰ ਰੱਟੈ ਲਗਾਉਣੇ ਪੈਂਦੇ ਹਨ। ਇਸ ਤਰ੍ਹਾਂ ਸਮਝ ਨਾ ਪੈਣ ਕਰਕੇ ਵਿਦਿਆਰਥੀ ਵਿਆਕਰਣ ਪੜ੍ਹਾਉਣ ਦੀਆਂ ਹੇਠ ਲਿਖੀਆਂ ਵਿਧੀਆਂ ਦੀ ਵੀ ਵਰਤੋਂ ਕਰ ਰਹੇ ਹਨ।

**1.4.1.1. ਸੂਤਰ ਵਿਧੀ** : ਇਸ ਵਿਧੀ ਅਨੁਸਾਰ ਪਰਿਭਾਸ਼ਾ ਦੱਸੀ ਜਾਂਦੀ ਹੈ, ਫਿਰ ਉਸ ਦੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ। ਸਕੂਲਾਂ ਵਿਚ ਇਹ ਢੰਗ ਆਮ ਪ੍ਰਚਲਤ ਹੈ। ਅਧਿਆਪਕ ਪੁਸਤਕ ਦਾ ਸਹਾਰਾ ਲੈ ਕੇ, ਵਿਆਕਰਣ ਪੜ੍ਹਾਉਣੀ ਸ਼ੁਰੂ ਕਰ ਦਿੰਦਾ ਹੈ। ਜਿਵੇਂ ਪੰਜਵੀ ਜਮਾਤ ਦੇ ਵਿਦਿਆਰਥੀਆਂ ਨੂੰ ਨਾਂਵ ਅਤੇ ਉਸ ਦੀਆਂ ਕਿਸਮਾਂ ਦਾ ਪਾਠ ਪੜ੍ਹਾਉਣਾ ਹੈ। ਸੱਭ ਤੋਂ ਪਹਿਲਾਂ ਅਧਿਆਪਕ ਪੁਸਤਕ ਵਿੱਚੋਂ ਪੜ੍ਹ ਕੇ ਜਾਂ ਜ਼ਬਾਨੀ ਦੱਸੇਗਾ ਕਿ ਨਾਂਵ ਉਸ ਨੂੰ ਕਹਿੰਦੇ ਹਨ ਕਿ ਜੋ ਕਿਸੇ ਮਨੁੱਖ, ਸ਼ਹਿਰ

ਜਾਂ ਕਿਸੀ ਵਸਤੂ ਦਾ ਨਾਂ ਹੋਵੇ ਜਿਵੇਂ ਰਾਮ, ਪਟਿਆਲਾ, ਪੈਨ, ਬਲੈਕ ਬੋਰਡ ਆਦਿ। ਇਸੇ ਪ੍ਰੀਭਾਸ਼ਾ ਨੂੰ ਅਧਿਆਪਕ ਬਲੈਕ ਬੋਰਡ ਤੇ ਲਿਖ ਦੇਵੇਗਾ। ਇਸੇ ਤਰ੍ਹਾਂ ਨਾਂਵ ਦੀਆਂ ਕਿਸਮਾਂ ਦੀ ਇਕ ਇਕ ਕਰਕੇ ਪ੍ਰੀਭਾਸ਼ਾ ਦਿੱਤੀ ਜਾਵੇਗੀ ਤੇ ਫਿਰ ਉਹਨਾਂ ਦੀਆਂ ਉਦਾਹਰਨਾਂ ਦੱਸੀਆਂ ਜਾਣਗੀਆਂ। ਬੱਚੇ ਸਭ ਕੁਝ ਬਲੈਕ ਬੋਰਡ ਤੋਂ ਨਕਲ ਕਰਕੇ ਆਪਣੀਆਂ ਕਾਪੀਆਂ ਵਿਚ ਲਿਖ ਲੈਂਦੇ ਹਨ, ਤੇ ਪ੍ਰੀਖਿਆ ਦੇ ਨੇੜੇ ਉਸ ਨੂੰ ਰਟ ਲੈਂਦੇ ਹਨ। ਜਮਾਤ ਵਿਚ ਪੜਾਉਣ ਦੀ ਜਗਾਹ ਵਿਦਿਆਰਥੀਆਂ ਦੀ ਸਹੂਲਤ ਲਈ ਵਿਆਕਰਣ ਦੀਆਂ ਪੁਸਤਕਾਂ ਲਗਾ ਦਿੱਤੀਆਂ ਜਾਂਦੀਆਂ ਹਨ ਜੋ ਇਸੇ ਢੰਗ ਅਨੁਸਾਰ ਲਿਖੀਆਂ ਹੋਈਆਂ ਮਿਲਦੀਆਂ ਹਨ। ਇਸ ਢੰਗ ਰਾਂਹੀ ਕਰਵਾਈ ਗਈ ਪੜਾਈ ਜ਼ਿਆਦਾ ਲਾਹੇਵੰਦ ਨਹੀਂ ਹੁੰਦੀ ਕਿਉਂਕਿ ਵਿਦਿਆਰਥੀਆਂ ਦੀ ਸਮਝ ਵਿਚ ਕੁੱਝ ਨਹੀਂ ਆਉਂਦਾ। ਇਹ ਢੰਗ ਵਿਦਿਆਰਥੀਆਂ ਦੀਆਂ ਰੁਚੀਆਂ ਦੇ ਅਨੁਕੂਲ ਨਾ ਹੋਣ ਕਰਕੇ ਮਨੋਵਿਗਿਆਨਕ ਨਹੀਂ ਮੰਨਿਆ ਨਹੀਂ ਜਾਂਦਾ। ਬੱਚਿਆਂ ਨੂੰ ਨਵੀਆਂ ਨਵੀਆਂ ਪ੍ਰੀਭਾਸ਼ਾਵਾਂ ਯਾਦ ਕਰਨੀਆਂ ਪੈਂਦੀਆਂ ਹਨ। ਬੱਚਿਆਂ ਲਈ ਸਾਰਾ ਗਿਆਨ ਓਪਰਾ ਓਪਰਾ ਤੇ ਖੁਸ਼ਕ ਬਣਿਆ ਰਹਿੰਦਾ ਹੈ। ਜਿਸ ਦੇ ਸਿੱਟੇ ਵਜੋਂ ਬੱਚੇ ਵਿਆਕਰਣ ਨੂੰ ਘਿਰਣਾ ਕਰਨ ਲੱਗ ਪੈਂਦੇ ਹਨ ਤੇ ਇਸ ਨੂੰ ਇਕ ਔਖਾ ਵਿਸ਼ਾ ਸਮਝਣ ਲੱਗ ਪੈਂਦੇ ਹਨ।

**1.4.4.2. ਪ੍ਰਮਾਣ ਵਿਧੀ** : ਜਿਸ ਤਰ੍ਹਾਂ ਕਿ ਨਾਮ ਤੋਂ ਹੀ ਸਪੱਸ਼ਟ ਹੈ ਕਿ ਪ੍ਰਮਾਣ ਵਿਧੀ ਵਿਚ ਪਹਿਲਾਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ ਤੇ ਬਾਅਦ ਵਿਚ ਪ੍ਰੀਭਾਸ਼ਾ ਦੱਸੀ ਜਾਂਦੀ ਹੈ। ਪ੍ਰਮਾਣ ਵਿਧੀ ਸੂਤਰ ਵਿਧੀ ਨਾਲੋਂ ਬਿਲਕੁਲ ਉਲਟ ਹੈ। ਉਦਾਹਰਣਾਂ ਨੂੰ ਦਸਣ ਲਈ ਸਹਾਇਕ ਸਮੱਗਰੀ ਦੀ ਸਹਾਇਤਾ ਲਈ ਜਾਂਦੀ ਹੈ। ਚਾਰਟ ਤਸਵੀਰਾਂ ਰਾਹੀਂ ਜਾਂ ਬਲੈਕ ਬੋਰਡ ਤੇ ਲਿਖ ਕੇ ਉਦਾਹਰਣਾਂ ਦੱਸੀਆਂ ਜਾਂਦੀਆਂ ਹਨ। ਵਿਦਿਆਰਥੀ ਇਕ ਇਕ ਉਦਾਹਰਨ ਨੂੰ ਧਿਆਨ ਨਾਲ ਪੜਦੇ ਹਨ ਅਤੇ ਉਹਨਾਂ ਵਿਚਲੀ ਪ੍ਰਸਪਰ ਸਾਂਝ ਨੂੰ ਧਿਆਨ ਨਾਲ ਵੇਖਦੇ ਹਨ। ਲੋੜ ਅਨੁਸਾਰ ਅਧਿਆਪਕ ਉਦਾਹਰਣ ਨੂੰ ਸਮਝਾਉਂਦਾ ਹੋਇਆ ਥੋੜ੍ਹੀ ਜਿਹੀ ਵਿਆਖਿਆ ਵੀ ਕਰ ਦਿੰਦਾ ਹੈ। ਇਸ ਨਾਲ ਬੱਚਿਆਂ ਨੂੰ ਸਮਝਣ ਦੀ ਸੌਖ ਹੋ ਜਾਂਦੀ ਹੈ ਇਕੋ ਢੰਗ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਨੂੰ ਧਿਆਨ ਨਾਲ ਪੜ੍ਹਦੇ ਤੇ ਪੜਚੋਲਦੇ ਹੋਏ ਕਿਸੇ ਸਿਧਾਂਤਕ ਤੱਤ ਤੇ ਪਹੁੰਚਦੇ ਹਨ। ਜਦੋਂ ਅਧਿਆਪਕ ਨੂੰ ਯਕੀਨ ਹੋ ਜਾਂਦਾ ਹੈ ਕਿ ਵਿਦਿਆਰਥੀ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝ ਗਏ ਤਾਂ ਉਹ ਵਿਦਿਆਰਥੀਆਂ ਦੀ ਸਹਾਇਤਾ ਨਾਲ ਲੋੜੀਂਦੀ ਪ੍ਰੀਭਾਸ਼ਾ ਬਣਾ ਲੈਂਦੇ ਹਨ। ਜੋ ਬਲੈਕ ਬੋਰਡ ਉੱਤੇ ਲਿਖ ਦਿੱਤੀ ਜਾਂਦੀ ਹੈ ਤੇ ਵਿਦਿਆਰਥੀ ਆਪਣੀਆਂ ਕਾਪੀਆਂ ਉੱਤੇ ਨੋਟ ਕਰ ਲੈਂਦੇ ਹਨ। ਇਸ ਕੰਮ ਨੂੰ ਪਾਠ ਪੁਸਤਕ ਪੜ੍ਹਾਉਣ ਸਮੇਂ ਜਾਂ ਭਾਸ਼ਾ ਸਿੱਖਿਆ ਵਿਚ ਹੋਰ ਕਾਰਜ ਨਾਲ ਸੰਬੰਧਤ ਕਰਕੇ ਅਭਿਆਸ ਦਿੱਤੇ ਜਾ ਸਕਦੇ ਹਨ।

ਵਿਆਕਰਣ ਪੜ੍ਹਾਉਣ ਦਾ ਇਹ ਢੰਗ ਸਭ ਤੋਂ ਉੱਤਮ ਤੇ ਮਨੋਵਿਗਿਆਨਕ ਲੀਹਾਂ ਉੱਤੇ ਪੂਰਾ ਉਤਰਨ ਵਾਲਾ ਮੰਨਿਆ ਜਾਂਦਾ ਹੈ। ਵਿਦਿਆਰਥੀਆਂ ਦੇ ਸਾਹਮਣੇ ਖੁਸ਼ਕ ਪਰਿਭਾਸ਼ਾਵਾਂ ਪੇਸ਼ ਕਰਨ ਦੀ ਥਾਂ ਦਿਲਚਸਪ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ। ਵਾਕ ਵਿਧੀ ਦੀ ਭਾਵਨਾ ਪੂਰੀ ਨਿਭਦੀ ਹੈ। ਉਦਾਹਰਣਾਂ ਰਾਹੀਂ ਵਿਦਿਆਰਥੀ ਕਿਸੇ ਵੀ ਚੀਜ਼ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ ਇਸ ਢੰਗ ਵਿਚ ਇਕ ਵਾਧਾ ਇਹ ਵੀ ਹੈ ਕਿ ਵਿਦਿਆਰਥੀ ਉਦਾਹਰਣਾਂ ਦੀ ਮਦਦ ਨਾਲ ਸ੍ਵੈ ਯਤਨ ਰਾਹੀਂ ਪ੍ਰੀਭਾਸ਼ਾ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਤੇ ਕਿਸੇ ਸਿਧਾਂਤਕ ਤੱਤ ਤੇ ਪਹੁੰਚਦੇ ਹਨ ਸਿਧਾਂਤ ਵਿਦਿਆਰਥੀਆਂ ਦੀ ਆਪਣੀ ਖੋਜ ਦਾ ਸਿੱਟਾ ਹੋਣ ਕਰਕੇ ਵਧੇਰੇ ਸਪੱਸ਼ਟ ਹੁੰਦੇ ਹਨ ਤੇ ਵਧੇਰੇ ਸਮੇਂ ਬਿਨਾ ਕਿਸੇ ਉਚੇਚੇ ਯਤਨ ਤੇ ਯਾਦ ਰਹਿ ਸਕਦੇ ਹਨ। ਇਸ ਢੰਗ ਦੀ ਸਫਲਤਾ ਉਦਾਹਰਣਾਂ ਤੇ ਨਿਰਭਰ ਕਰਦੀ ਹੈ। ਜੇ ਉਦਾਹਰਣਾਂ ਸੌਖੀਆਂ ਤੇ ਰੋਚਿਕ ਹੋਣ ਤਾਂ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਹੀਂ ਆਵੇਗੀ। ਵਿਆਕਰਣ ਔਖਾ ਤੇ ਖੁਸ਼ਕ ਮਜ਼ਬੂਨ ਨਹੀਂ ਲੱਗੇਗਾ। ਇਸ ਤੋਂ ਉਲਟ ਜੇ ਉਦਾਹਰਣਾਂ ਦੀ ਚੋਣ ਠੀਕ ਢੰਗ ਨਾਲ ਨਾ ਕੀਤੀ ਗਈ ਹੋਵੇ ਤਾਂ ਵਿਧੀ ਰਾਹੀਂ ਪੜ੍ਹਾਉਣ ਦਾ ਵੀ ਕੋਈ ਲਾਭ ਨਹੀਂ ਹੋਵੇਗਾ। ਸੋ ਉਦਾਹਰਣਾਂ ਦੀ ਚੋਣ ਬੜੇ ਧਿਆਨ ਨਾਲ ਕਰਨੀ ਚਾਹੀਦੀ ਹੈ। ਉਦਾਹਰਣਾਂ ਅਜਿਹੀਆਂ ਹੋਣ ਜੋ ਬੱਚਿਆਂ ਦੇ ਘਰੇਗੀ ਜੀਵਨ ਨਾਲ ਸੰਬੰਧਤ ਹੋਣ ਤੇ ਬੱਚੇ ਇਹਨਾਂ ਵਿਚ ਰੁੱਚੀ ਰੱਖਦੇ ਹੋਣ।

ਪ੍ਰਮਾਣ ਵਿਧੀ ਰਾਹੀਂ ਵਿਆਕਰਣ ਦੀ ਪੜ੍ਹਾਈ ਠੀਕ ਕਰਵਾਈ ਜਾ ਸਕਦੀ ਹੈ। ਛੋਟੇ ਬੱਚਿਆਂ ਵਾਸਤੇ ਤਾਂ ਇਹ ਵਿਧੀ ਬਹੁਤ ਹੀ ਉਪਯੋਗੀ ਹੁੰਦੀ ਹੈ ਕਿਉਂਕਿ ਇਸ ਵਿਧੀ ਰਾਹੀਂ ਬੱਸ਼ਚਆਂ ਦੀ ਪੜ੍ਹਾਈ ਵਿਚ ਸ਼ੌਕ ਬੱਝਾ ਰਹਿੰਦਾ ਹੈ। ਸਿੱਖਿਆ ਬਾਲ ਕੇਂਦਰਤ ਹੋ ਜਾਂਦੀ ਹੈ ਤੇ ਆਗਮਨ ਵਿਧੀ ਦਾ ਸਿਧਾਂਤ ਵਰਤੋਂ ਵਿਚ ਆਉਂਦਾ ਹੈ।

1.**4.4.3.** **ਤਸਵੀਰਾਂ ਰਾਹੀਂ ਪੜ੍ਹਾਉਣਾ** : ਪ੍ਰਮਾਣ ਵਿਧੀ ਵਿਚ ਅਧਿਆਪਕ ਉਦਾਹਰਣਾਂ ਬਲੈਕ ਬੋਡਰ ਤੇ ਲਿਖ ਦਿੰਦਾ ਹੈ ਤੇ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਤਸਵੀਰਾਂ ਰਾਹੀਂ ਪੜ੍ਹਾਈ ਛੋਟੇ ਬੱਚਿਆਂ ਨੂੰ ਕਰਾਈ ਜਾਂਦੀ ਹੈ। ਇਸ ਵਿਧੀ ਵਿਚ ਹਰੇਕ ਉਦਾਹਰਣ ਨਾਲ ਸੰਬੰਧਤ ਕੋਈ ਚਾਰਟ ਜਾਂ ਤਸਵੀਰ ਦਿਖਾਈ ਜਾਂਦੀ ਹੈ। ਤਸਵੀਰ ਦੀ ਸਹਾਇਤਾ ਨਾਲ ਪੜਿਆ ਹੋਇਆ ਵਾਕ ਵਧੇਰੇ ਸਪੱਸ਼ਟ ਹੋ ਜਾਂਦਾ ਹੈ। ਉਦਾਹਰਣ ਵਜੋਂ ਅਧਿਆਪਕ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ਣ ਦਾ ਪਾਠ ਪੜਾਉਣਾ ਚਾਹੁੰਦਾ ਹੈ, ਤਾਂ ਅਧਿਆਪਕ ਹਰੇਕ ਵਾਕ ਨਾਲ ਸੰਬੰਧਤ ਇਕ ਤਸਵੀਰ ਦਿਖਾ ਕੇ ਉਦਾਹਰਣਾਂ ਦੱਸਦਾ ਹੈ ਜਿਵੇਂ :

1. ਮੋਟਾ ਲੜਕਾ ਕਿਤਾਬ ਪੜ੍ਹ ਰਿਹਾ ਹੈ।
2. ਗੁਲਾਬ ਦਾ ਫੁੱਲ ਬੜਾ ਸੁੰਦਰ ਹੈ।
3. ਲਾਲ ਸੇਬ ਬਹੁਤ ਮਿੱਠੇ ਹਨ।
4. ਚਿੱਟਾਂ ਘੋੜਾ ਤੇਜ਼ ਦੌੜਦਾ ਹੈ।
5. ਪਤਲੀ ਲੜਕੀ ਕਿਤਾਬ ਪੜ੍ਹ ਰਹੀ ਹੈ।

ਇਸ ਤਰ੍ਹਾਂ ਬੱਚੇ ਉਦਾਹਰਣਾਂ ਪੜ੍ਹਦੇ ਹਨ। ਉਹਨਾਂ ਦੇ ਭਾਵ ਸਮਝ ਕੇ ਅਧਿਆਪਕ ਦੀ ਮਦਦ ਨਾਲ ਪ੍ਰੀਭਾਸ਼ਾ ਬਣਾਉਂਦੇ ਹਨ ਤੇ ਸਿਧਾਂਤਕ ਤੱਤ ਤੇ ਪਹੁੰਚਦੇ ਹਨ। ਅਧਿਆਪਕ ਲੋੜ ਅਨੁਸਾਰ ਤਸਵੀਰ ਦੀ ਸਹਾਇਤਾ ਨਾਲ ਹੋਰ ਵਿਆਖਿਆ ਕਰੇਗਾ ਅਤੇ ਨਾਲ ਨਾਲ ਵਾਕ ਵਿਚ ਆਏ ਵਿਸ਼ੇਸ਼ਣ ਸ਼ਬਦਾਂ ਹੇਠ ਲਕੀਰਾਂ ਖਿੱਚਦਾ ਜਾਵੇਗਾ। ਛੋਟੇ ਬੱਚਿਆਂ ਦੀ ਤਸਵੀਰਾਂ ਵਿਚ ਰੁੱਚੀ ਵਧੇਰੇ ਹੋਣ ਕਰਕੇ ਇਹ ਵਿਧੀ ਪ੍ਰਮਾਣ ਵਿਧੀ ਨਾਲੋਂ ਵਧੇਰੇ ਲਾਭਦਾਇਕ ਸਿੱਧ ਹੁੰਦੀ ਹੈ।

1.**4.4.4.** **ਅਨੁਕਰਣ ਵਿਧੀ** : ਇਸ ਵਿਧੀ ਦਾ ਮੁੱਖ ਮਨੋਰਥ ਭਾਸ਼ਾ ਯੋਗਤਾ ਗ੍ਰਹਿਣ ਕਰਨਾ ਹੁੰਦਾ ਹੈ ਨਾ ਕਿ ਵਿਆਕਰਣ ਦਾ ਰਸਮੀ ਗਿਆਨ ਪ੍ਰਾਪਤ ਕਰਨਾ। ਬੱਚਿਆਂ ਨੂੰ ਵਿਆਕਰਣ ਦੇ ਨੇਮ ਪੜ੍ਹਾਉਣ ਦੀ ਜਗ੍ਹਾ ਚੰਗੀਆਂ ਤੇ ਸ਼ੁੱਧ ਢੰਗ ਲਿਖਤਾਂ ਦੇ ਨਮੂਨੇ ਦਿੱਤੇ ਜਾਂਦੇ ਹਨ। ਸ਼ੁੱਧ ਉਚਾਰਨ ਵਾਲਿਆਂ ਦੇ ਲੈਕਚਰ ਟੇਪ ਰਿਕਾਰਡ ਕਰਕੇ ਸੁਣਾਏ ਜਾਂਦੇ ਹਨ। ਇਸ ਤਰ੍ਹਾਂ ਬਿਨਾ ਉਚੇਚੇ ਯਤਨਾਂ ਦੇ ਨਕਲ ਰਾਹੀਂ ਬੋਲੀ ਦਾ ਸ਼ੁੱਧ ਰੂਪ ਸਿੱਖਿਆ ਜਾਂਦਾ ਹੈ। ਵਿਆਕਰਣ ਦੀ ਪੜ੍ਹਾਈ ਵਿਚ ਇਹ ਜ਼ਿਆਦਾ ਕੁਦਰਤੀ ਜਾਪਦਾ ਹੈ ਕਿਉਂਕਿ ਇਸ ਵਿਧੀ ਵਿਚ ਨਾ ਤਾਂ ਅਧਿਆਪਕ ਨੂੰ ਜ਼ਿਆਦਾ ਪਾਠ ਤਿਆਰ ਕਰਨੇ ਪੈਂਦੇ ਹਨ ਤੇ ਨਾ ਹੀ ਵਿਦਿਆਰਥੀਆਂ ਨੂੰ ਜ਼ਬਾਨੀ ਪ੍ਰੀਭਾਸ਼ਾਵਾਂ ਰੱਟਣੀਆਂ ਪੈਂਦੀਆਂ ਹਨ। ਇਸ ਤਰ੍ਹਾਂ ਅਧਿਆਪਕ ਨੂੰ ਵੀ ਘੱਟ ਮਿਹਨਤ ਕਰਨੀ ਪੈਂਦੀ ਹੈ ਤੇ ਵਿਦਿਆਰਥੀ ਵਿਚ ਬਿਨਾ ਕਿਸੇ ਮਿਹਨਤ ਦੇ ਕੇਵਲ ਅਨੁਕਰਣ ਜਾਂ ਨਕਲ ਕਰਕੇ ਹੀ ਬੋਲੀ ਦਾ ਸੁੱਧ ਰੂਪ ਸਿੱਖਦੇ ਹਨ। ਭਾਵੇਂ ਇਹ ਵਿਧੀ ਕਾਫ਼ੀ ਨਿਆਇਯੁਕਤ ਲਗਦੀ ਹੈ, ਪ੍ਰੰਤੂ ਅਸਲੀ ਤੋਰ ਤੇ ਵਿਚਾਰਿਆ ਪਤਾ ਲਗਦਾ ਹੈ ਕਿ ਇਹ ਜ਼ਿਆਦਾ ਲਾਭਦਾਇਕ ਸਿੱਧ ਨਹੀਂ ਹੁੰਦੀ ਕਿਉਂਕਿ ਪੰਜਾਬੀ ਵਿਚ ਚੰਗੇ ਤੇ ਸ਼ੁੱਧ ਲੇਖਣੀ ਵਾਲੇ ਲਿਖਾਰੀਆਂ ਦੀਆਂ ਲਿਖਤਾਂ ਆਮ ਨਹੀਂ ਮਿਲਦੀਆਂ। ਪੰਜਾਬੀ ਵਿਆਕਰਣ ਦੇ ਨੇਮ, ਪੰਜਾਬੀ ਬੋਲੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਨਹੀਂ ਸਗੋਂ ਅੰਗਰੇਜ਼ੀ ਉੱਤੇ ਆਧਾਰਿਤ ਹਨ।

ਇਸ ਵਿਧੀ ਰਾਹੀਂ ਪੜ੍ਹਾਈ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਵਿਦਿਆਰਥੀਆਂ ਵਿਚ ਸੁਤੰਤਰ ਰੂਪ ਵਿਚ ਕੰਮ ਕਰਨ ਦਾ ਸੁਭਾਅ ਹੋਵੇ ਪਰੰਤੂ ਆਮ ਤੌਰ ਤੇ ਵਿਦਿਆਰਥੀ ਅਜਿਹਾ ਸੁਭਾਅ ਨਹੀਂ ਰੱਖਦੇ। ਜ਼ਿਆਦਾ ਗਿਣਤੀ ਅਧਿਆਪਕ ਤੇ ਹੀ ਨਿਰਭਰ ਕਰਦੇ ਹਨ। ਉਹ ਸੁਤੰਤਰ ਰੂਪ ਵਿਚ ਬੋਲੀ ਦੀ ਲਿਖਤ

ਦੇਖ ਕੇ ਜਾਂ ਬੋਲੀ ਦਾ ਸ਼ੁੱਧ ਰੂਪ ਸੁਣ ਕੇ ਆਪਣੀਆਂ ਗਲਤੀਆਂ ਸੁਧਾਰ ਨਹੀਂ ਸਕਦੇ। ਇਸ ਢੰਗ ਨੂੰ ਸਫ਼ਲਤਾਪੂਰਵਕ ਨਿਭਾਉਣ ਲਈ ਜ਼ਰੂਰੀ ਹੈ ਕਿ ਅਧਿਆਪਕ ਉਹਨਾਂ ਦੇ ਕੰਮ ਦੀ ਦੇਖਭਾਲ ਕਰਦਾ ਰਹੇ, ਉਨ੍ਹਾਂ ਦੀਆਂ ਮੁਸ਼ਕਿਲਾਂ ਵੀ ਦੂਰ ਕਰਦਾ ਰਹੇ।

**1.4.4.5. ਸਮਵਾਇ ਵਿਧੀ** : ਇਹ ਢੰਗ ਛੋਟੀਆਂ ਜ਼ਮਾਤਾਂ ਲਈ ਜ਼ਿਆਦਾ ਗੁਣਕਾਰੀ ਹੈ। ਇਸ ਵਿਧੀ ਰਾਹੀਂ ਵਿਸ਼ੇਸ਼ ਰੂਪ ਵਿਚ ਵਿਆਕਰਣ ਦੀ ਪੜ੍ਹਾਈ ਨਹੀਂ ਕਰਵਾਈ ਜਾਂਦੀ ਸਗੋਂ ਭਾਸ਼ਾ ਸਿੱਖਿਆ ਦੇ ਹੋਰ ਕੰਮਾਂ ਨਾਲ ਸੰਬੰਧਤ ਕਰਕੇ ਹੀ ਬੋਲੀ ਦਾ ਸ਼ੁੱਧ ਰੂਪ ਸਿਖਾਇਆ ਜਾਂਦਾ ਹੈ। ਭਾਸ਼ਾ ਸਿੱਖਿਆ ਸ਼ਾਸ਼ਤਰੀਆਂ ਦਾ ਵੀ ਇਹੋ ਖਿਆਲ ਹੈ ਕਿ ਵਿਆਕਰਣ ਨੇਮਾਂ ਦੇ ਰੱਟੇ ਲਗਾਉਣ ਦੀ ਬਜਾਏ ਬੱਚਿਆਂ ਨੂੰ ਅਮਲੀ ਰੂਪ ਵਿਚ ਆਉਣ ਵਾਲੇ ਗਿਆਨ ਵੱਲ ਧਿਆਨ ਦੇਣਾ ਚਾਹੀਦਾ ਹੈ। ਨੇਮ ਰੱਟਣੇ ਨਹੀਂ ਚਾਹੀਦੇ, ਸਗੋਂ ਨੇਮਾਂ ਦੀ ਵਰਤੋਂ ਨਾਲ ਸੰਬੰਧਤ ਵੱਧ ਤੋਂ ਵੱਧ ਅਭਿਆਸ ਕਰਨੇ ਚਾਹੀਦੇ ਹਨ। ਵਿਆਕਰਣ ਸੰਬੰਧੀ ਅਜਿਹੇ ਅਭਿਆਸ ਬੋਲਚਾਲ, ਪੜ੍ਹਨ ਅਤੇ ਲਿਖਤ ਰਚਨਾ ਦੇ ਨਾਲ ਸੰਬੰਧਤ ਕਰਕੇ ਦਿੱਤੇ ਜਾਂਦੇ ਹਨ। ਵੱਖ-ਵੱਖ ਪੱਧਰਾਂ ਉੱਤੇ ਲੋੜ ਅਨੁਸਾਰ ਪਾਠ ਪੁਸਤਕ ਅਭਿਆਸ ਕਰਨ ਲਈ ਵਰਤੋਂ ਵਿਚ ਲਿਆਈ ਜਾ ਸਕਦੀ ਹੈ। ਪਾਠ ਪੁਸਤਕ ਵਿਚੋਂ ਕਈ ਤਰ੍ਹਾਂ ਦੇ ਅਭਿਆਸ ਦਿੱਤੇ ਜਾ ਸਕਦੇ ਹਨ ਜਿਵੇਂ ਕਿਸੇ ਪੈਰ੍ਹੇ ਵਿਚੋਂ ਨਾਂਵ, ਪੜਨਾਂਵ, ਕ੍ਰਿਆ, ਵਿਸ਼ੇਸ਼ਣ, ਯੋਜਨਾ ਆਦਿ ਚੁਣਨੇ, ਸ਼ਬਦ ਦੇ ਲਿੰਗ ਅਤੇ ਵਚਨ ਬਦਲਣੇ, ਵਿਰੋਧੀ ਸ਼ਬਦਾਂ ਦੇ ਅਭਿਆਸ, ਸ਼ਬਦਾਂ ਨੂੰ ਨਾਉਂ, ਵਿਸ਼ੇਸ਼ਣ ਤੇ ਕ੍ਰਿਆ ਵਿਚ ਬਦਲਣਾ, ਚੁਣੇ ਹੋਏ ਸ਼ਬਦਾਂ ਦੇ ਬਹੁ-ਆਰਥਕ ਰੂਪ ਵਿਚ ਵਰਤਣਾ, ਪੜ੍ਹੀ ਹੋਈ ਲਿਖਤ ਦਾ ਕਾਲ ਬਦਲ ਕੇ ਮੁੜ ਲਿਖਣਾ ਆਦਿ ਦੇ ਅਭਿਆਸ ਕਰਾਏ ਜਾ ਸਕਦੇ ਹਨ।

ਸਮਵਾਈ ਵਿਧੀ ਦੁਆਰਾ ਵਿਆਕਰਣ ਸਿਖਾਉਣ ਲਈ ਪਾਠ ਪੁਸਤਕਾਂ ਦੀ ਪੱਧਰ ਨੂੰ ਸੁਧਾਰਨਾ ਜ਼ਰੂਰੀ ਹੈ।

### 1.4.5 ਸੁਝਾਏ ਪ੍ਰਸ਼ਨ

1. ਵਿਆਕਰਣ ਪੜ੍ਹਾਉਣ ਦੇ ਕਿਹੜੇ-ਕਿਹੜੇ ਢੰਗ ਹਨ? ਇਹਨਾਂ ਵਿਚੋਂ ਕਿਹੜਾ ਢੰਗ ਲਾਭਵੰਦ ਹੈ ਅਤੇ ਕਿਉਂ?
2. ਵਿਆਕਰਣ ਬੋਲੀ ਦੀ ਸਾਇੰਸ ਹੈ। ਇਸ ਕਥਨ ਦੇ ਆਧਾਰ ਤੇ ਵਿਆਕਰਣ ਦੀ ਭਾਸ਼ਾ ਸਿੱਖਿਆ ਨੂੰ ਦੇਣ ਦੀ ਵਿਆਖਿਆ ਕਰੋ।

### 1.4.6 ਸੁਝਾਈਆਂ ਕਿਤਾਬਾਂ


1. ਆਰ. ਐਲ. ਆਹੂਜਾ : ਮਾਤ ਭਾਸ਼ਾ ਦੀ ਸਿੱਖਿਆ
2. ਡਾ. ਟੀ.ਆਰ. ਸ਼ਰਮਾ : ਮਾਤ ਭਾਸ਼ਾ ਦੀ ਸਿੱਖਿਆ
3. ਡਾ. ਜਸਵੰਤ ਸਿੰਘ : ਮਾਤ ਭਾਸ਼ਾ ਦੀ ਸਿੱਖਿਆ ਵਿਧੀ
4. W.M. Ryburn : Teaching of Mother Tongue

**ਪਾਠ ਨੰ: 1.5** **ਲੇਖਿਕਾ : ਡਾ. ਪੁਸ਼ਪਿੰਦਰ ਕੌਰ**

## ਸਕੂਲ ਪੁਸਤਕਾਲਾ

1.5.0 ਬਣਤਰ
1.5.1 ੳੁਦੇਸ਼
1.5.2 ਜਾਣ-ਪਛਾਣ
1.5.3 ਪੁਸਤਕਾਲਾ ਦਾ ਮਹੱਤਵ
1.5.4 ਪੁਸਤਕਾਲਾ ਦਾ ਪ੍ਰਬੰਧ
1.5.5 ਸਕੂਲਾਂ ਵਿੱਚ ਪੁਸਤਕਾਲਾ ਦੀ ਮੌਜੂਦਾ ਸਥਿਤੀ
1.5.6 ਪੁਸਤਕਾਲਾ ਵਿੱਚ ਸੁਧਾਰ ਲਿਆਉਣ ਲਈ ਸੁਝਾਅ
1.5.7 ਸਾਰ
1.5.8 ਸੁਝਾਏ ਪ੍ਰਸ਼ਨ
1.5.9 ਸੁਝਾਈਆਂ ਪੁਸਤਕਾਂ

### 1.5.1 ੳੁਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਜਾਣਗੇ ਕਿ :

(i) ਪੁਸਤਕਾਲਾ ਕੀ ਹੁੰਦਾ ਹੈ।
(ii) ਭਾਸ਼ਾ ਵਿੱਚ ਪੁਸਤਕਾਲੇ ਦਾ ਕੀ ਮਹੱਤਵ ਹੈ।
(iii) ਸਕੂਲ ਵਿੱਚ ਪੁਸਤਕਾਲਾ ਦਾ ਪ੍ਰਬੰਧ ਕਿਵੇਂ ਕਰਨਾ ਚਾਹੀਦਾ ਹੈ।

### 1.5.2 ਜਾਣ-ਪਛਾਣ :

ਪੁਸਤਕਾਲਾ ਗਿਆਨ ਦਾ ਅਥਾਹ ਭੰਡਾਰ ਹੈ। ਇਹ ਭਿੰਨ-ਭਿੰਨ ਉਮਰ ਦੇ ਲੋਕਾਂ ਦੇ ਲਈ ਭਿੰਨ-ਭਿੰਨ ਪ੍ਰਕਾਰ ਦੀਆਂ ਕਿਤਾਬਾਂ ਰਖਦਾ ਹੈ। ਗਿਆਨ ਦੇ ਇਸ ਅਥਾਹ ਭੰਡਾਰ ਤੋਂ ਸਾਰੇ ਲਾਭ ਉਠਾ ਸਕਦੇ ਹਨ। ਇਹ ਸਕੂਲ ਦਾ ਮੰਦਰ ਹੈ, ਬਗੀਚਾ ਹੈ ਅਤੇ ਕੁੰਜ ਹੈ। ਇਹ ਬਹੁਪੱਖੀ ਸੰਸਥਾ ਹੈ। ਵਿਦਿਅਕ ਯੋਗਤਾ ਵਧਾਉਣ ਲਈ ਵੱਧ ਤੋਂ ਵੱਧ ਇਲਮ ਹਾਸਲ ਕਰਨ ਲਈ ਜੀਵਨ ਦੇ ਹਰੇਕ ਪਹਿਲੂ ਬਾਬਤ ਸੁੱਚਾ, ਨਰੋਆ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਕਾਇਮ ਕਰਨ ਲਈ ਅਸੀਂ ਪੁਰਾਤਨ ਤੇ ਨਵੀਨ ਪੁਸਤਕਾਂ ਦੀ ਭਾਲ ਕਰਦੇ ਹਾਂ। ਭਾਰਤ ਵਰਗੇ ਪਛੜੇ ਹੋਏ ਦੇਸ਼ ਵਿਚ ਵੀ ਜਿਉਂ ਜਿਉਂ ਸਾਖਰਤਾ ਵਧਦੀ ਜਾ ਰਹੀ ਹੈ, ਮਨੁੱਖ ਤੇ ਪੁਸਤਕਾਲੇ ਦੀ ਸਾਂਝ ਹੋਰ ਵੱਧ ਰਹੀ ਹੈ। ਮਨੁੱਖ ਗੁਆਚੇ ਦੀ ਭਾਲ ਕਰਕੇ ਉਸਦੀ ਯੋਗ ਸੰਭਾਲ ਕਰਨ ਵਿਚ ਦਿਲਚਸਪੀ ਲੈ ਰਿਹਾ ਹੈ। ਪੁਰਾਣੇ ਸੱਭਿਆਚਾਰ ਦੀ ਭਾਲ ਪੁਸਤਕਾਂ ਵਿਚੋਂ ਕੀਤੀ ਜਾਂਦੀ ਹੈ। ਪ੍ਰਸਿੱਧ ਸਿੱਖਿਆਕਾਰ (G.O. Houle) ਦੇ ਕਥਨ ਅਨੁਸਾਰ, 'ਸੰਸਾਰ ਦਾ ਸਭਿਆਚਾਰ ਇਸ ਦੇ ਪੁਸਤਕਾਲਿਆਂ ਵਿਚ ਹੈ।' ਪੁਸਤਕਾਲਾ ਪੰਜਾਬੀ ਸਿੱਖਿਆ ਦਾ ਇਕ ਮਹਾਨ ਸਾਧਨ ਹੈ। ਹਰ ਇਕ ਸਕੂਲ ਵਿਚ ਇਕ ਪੁਸਤਕਾਲਾ ਹੋਣਾ ਅਧਿਆਪਕ ਅਤੇ ਵਿਦਿਆਰਥੀਆਂ ਦੋਹਾਂ ਲਈ ਜ਼ਰੂਰੀ ਹੈ। ਖਾਸ ਕਰਕੇ ਆਧੁਨਿਕ ਸਿੱਖਿਆ ਪ੍ਰਣਾਲੀ ਵਿਚ ਜਦੋਂ ਇਕੱਲੀ ਪਾਠ ਪੁਸਤਕ ਦੇ ਆਸਰੇ ਤੇ ਰਹਿਣਾ ਅਧੂਰੀ ਸਿੱਖਿਆ ਸਮਝੀ ਜਾਂਦੀ ਹੈ। ਅਧਿਆਪਕ ਤੋਂ ਛੁਟ ਸਿੱਖਿਆ ਪ੍ਰੋਗਰਾਮ ਵਿਚ ਸਭ ਤੋਂ ਵਿਸ਼ੇਸ਼ ਦੇਣ ਪੁਸਤਕਾਲੇ ਦੀ ਹੈ।

ਚੰਗੀ ਤੇ ਪੁਰਾਣੀ ਲਾਇਬ੍ਰੇਰੀ ਗਿਆਨ ਅਤੇ ਵਿਦਵਤਾ ਦਾ ਸੋਮਾ ਹੁੰਦੀ ਹੈ। ਪੁਰਾਣੀਆਂ ਲਾਇਬ੍ਰੇਰੀਆਂ

ਵਿਚ ਸਾਡੇ ਸਾਂਭੇ ਹੋਏ ਪੁਰਾਣੇ ਰਿਕਾਰਡ, ਸਾਡੇ ਸਭਿਆਚਾਰ ਅਤੇ ਹਰ ਪ੍ਰਕਾਰ ਦੇ ਇਤਿਹਾਸ ਦਾ ਸੋਮਾ ਹੁੰਦੇ ਹਨ। ਇਸ ਵਿਰਸੇ ਨੂੰ ਖੋਜ ਖੋਜ ਕੇ ਅਸੀਂ ਡਿਗਰੀਆਂ ਪ੍ਰਾਪਤ ਕਰਕੇ, ਕਿਤਾਬਾਂ ਲਿਖਦੇ ਅਤੇ ਆਪਣੇ ਤੇ ਲੋਕਾਂ ਦੇ ਗਿਆਨ ਵਿਚ ਵਾਧਾ ਕਰਦੇ ਹਾਂ। ਕਿਸੇ ਦੇਸ਼ ਵਿਚ ਪੁਸਤਕਾਲਿਆਂ ਦਾ ਬਹੁ ਗਿਣਤੀ ਵਿਚ ਹੋਣਾ, ਉਸ ਦੇਸ਼ ਦੇ ਸਭਿਆਚਾਰ ਤੇ ਇਤਿਹਾਸਕ ਵਿਰਸੇ ਦੇ ਅਮੀਰ ਤੇ ਕਿਰਿਆਸ਼ੀਲ ਹੋਣ ਦੀ ਗਵਾਹੀ ਹੈ। ਇਹਨਾਂ ਵਿਚ ਕਵੀਆਂ, ਫਿਲਾਸਫਰਾਂ, ਬੁੱਧੀਜੀਵੀਆਂ, ਵਿਗਿਆਨੀਆਂ ਤੇ ਸਾਹਿਤਕਾਰਾਂ ਦੀਆਂ ਰੂਹਾਂ ਵਸਦੀਆਂ ਤੇ ਹੱਸਦੀਆਂ ਹਨ। ਇਹਨਾਂ ਰੂਹਾਂ ਨੂੰ ਮਿਲ ਕੇ ਅਸੀਂ ਉਹਨਾਂ ਦੀ ਸਲਾਹ, ਚਿਤਾਵਨੀ, ਸਾਧਨਾ, ਉਤਸ਼ਾਹ ਤੇ ਸਿੱਖਿਆ ਪ੍ਰਾਪਤ ਕਰ ਸਕਦੇ ਹਾਂ, ਪੁਸਤਕਾਂ ਸਾਡੇ ਮਨੋਰੰਜਨ ਵੀ ਕਰਦੀਆਂ ਹਨ ਤੇ ਮਾਰਗ ਦਰਸ਼ਨ ਵੀ।

**1.5.3 ਪੁਸਤਕਾਲਾ ਦਾ ਮਹੱਤਵ :**

ਭਾਸ਼ਾ ਸਿੱਖਿਆ ਦੇ ਚਾਰ ਮੁੱਖ ਉਦੇਸ਼ ਹਨਃ ਸ਼ੁੱਧ ਸੁਨਣਾ, ਸ਼ੁੱਧ ਬੋਲਣਾ, ਸ਼ੁੱਧ ਲਿਖਣਾ ਅਤੇ ਸ਼ੁੱਧ ਪੜ੍ਹਨਾ। ਇਹਨਾਂ ਸਾਰਿਆਂ ਦੀ ਪੂਰਤੀ ਦੇ ਕਈ ਸਾਧਨ ਹਨ, ਜਿਵੇਂ ਕਿ ਅਧਿਆਪਕ, ਪੁਸਤਕਾਂ, ਪੁਸਤਕਾਲਾ, ਦ੍ਰਿਸ਼ ਤੇ ਸ੍ਰਵਣ ਯੰਤਰ ਆਦਿ, ਸੋ ਪੁਸਤਕਾਲੇ ਦਾ ਉਦੇਸ਼ ਬੱਚਿਆਂ ਦੀ ਸਿੱਖਿਆ ਦੇ ਉਦੇਸ਼ ਦੀ ਪੂਰਤੀ ਦਾ ਸਹਾਇਕ ਸਾਧਨ ਬਣਨਾ ਹੈ। ਪੁਸਤਕਾਲੇ ਦਾ ਮੁੱਖ ਉਦੇਸ਼ ਸੁਨਣ, ਬੋਲਣ, ਪੜ੍ਹਨ ਅਤੇ ਲਿਖਣ ਦੀ ਕਲਾ ਵਿਚ ਵਿਦਿਆਰਥੀਆਂ ਦੀ ਵਧ ਤੋਂ ਵਧ ਸਹਾਇਤਾ ਦੇਣਾ ਹੈ। ਪੁਸਤਕਾਲੇ ਦਾ ਇਹਨਾਂ ਉਦੇਸ਼ਾ ਨੂੰ ਪੂਰਾ ਕਰਨ ਵਿੱਚ ਬਹੁਤ ਮਹੱਤਵ ਹੈ ਜੋ ਕਿ ਇਸ ਤਰ੍ਹਾਂ ਹੈ :

**1.5.3.1 ਸ਼ਖਸੀਅਤ ਉਸਾਰੀ ਦੀ ਸਿੱਖਿਆ**

ਮਨੁੱਖ ਇਕ ਸਮਾਜਿਕ ਜੀਵ ਹੈ। ਮਨੁੱਖ ਦੀ ਉੱਨਤੀ ਸਮਾਜ ਦੀ ਉੱਨਤੀ ਹੈ। ਮਨੁੱਖ ਜੀਵਨ ਭਰ ਸਮਾਜ ਵਿਚ ਰਹਿੰਦਾ ਹੋਇਆ ਸਮਾਜਿਕ ਉੱਨਤੀ ਕਰਦਾ ਰਹਿੰਦਾ ਹੈ। ਸਿੱਖਿਆ ਦਾ ਉਦੇਸ਼ ਵੀ ਅਜਿਹੇ ਮੌਕੇ ਪੈਦਾ ਕਰਨਾ ਹੁੰਦਾ ਹੈ ਜੋ ਦੇਸ਼ ਦੇ ਸੁਚੱਜੇ ਨਾਗਰਿਕ ਬਣ ਸਕਣ। ਬੱਚਿਆਂ ਨੂੰ ਅਜਿਹੀ ਮਾਨਸਿਕ ਸੂਝ ਤੇ ਮਾਨਸਿਕ ਝੁਕਾਅ ਦੇਣੇ ਜ਼ਰੂਰੀ ਹਨ ਜੋ ਉਨ੍ਹਾਂ ਨੂੰ ਸਮੇਂ ਦੀਆਂ ਬਦਲਦੀਆਂ ਲੋੜਾਂ ਨਾਲ ਤਾਲਮੇਲ ਕਰਨਾ ਸਿਖਾ ਦੇਵੇ ਅੱਜ ਦੇ ਲੋਕ-ਰਾਜੀ ਯੁੱਗਾਂ ਵਿਚ ਸਿੱਖਿਆ ਦਾ ਉਦੇਸ਼ ਕੇਵਲ ਲਿਖਣ, ਪੜ੍ਹਨ ਦੀ ਯੋਗਤਾ ਦੇਣਾ ਹੀ ਨਹੀਂ ਸਗੋਂ ਬੱਚਿਆਂ ਦੇ ਬੌਧਿਕ ਵਿਕਾਸ, ਸਪੱਸ਼ਟ ਨਿਰਪੱਖ, ਯੁਕਤੀਵਾਨ ਢੰਗ ਦੀ ਸੋਚਣੀ, ਜ਼ਿੰਦਗੀ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ, ਸਭਿਆਚਾਰਕ ਸੂਝ ਬੂਝ, ਸੁਹਜ ਸੁਆਦ, ਆਚਰਣ, ਉਚਿਤਾ, ਰਚਨਾਤਮਕ ਰੁਚੀਆਂ, ਨਿਝੱਕ ਬੋਲਣ ਤੇ ਲਿਖਣ ਦੀ ਦਲੇਰੀ ਸਹਿਯੋਗੀ ਢੰਗਾਂ ਦੀ ਵਰਤੋਂ ਰਾਹੀਂ, ਦੇਸ਼ ਉਸਾਰੀ ਕਰਨਾ, ਘਰ, ਦੇਸ਼ ਅਤੇ ਕੌਮ ਨਾਲ ਪਿਆਰ ਕਰਨਾ, ਆਦਿ ਸਭ ਗੁਣ ਸ਼ਖਸੀਅਤ ਉਸਾਰੀ ਦੇ ਜ਼ਰੂਰੀ ਪਹਿਲੂ ਮੰਨੇ ਜਾਂਦੇ ਹਨ ਅਤੇ ਇਹਨਾਂ ਵੱਲ ਧਿਆਨ ਦੇਣਾ ਚੰਗੇ ਸਿੱਖਿਆ ਪ੍ਰੋਗਰਾਮ ਦਾ ਫਰਜ਼ ਬਣਦਾ ਹੈ। ਚੰਗੀ ਜੀਵਨ ਜਾਂਚ ਦੀ ਇਹ ਟ੍ਰੇਨਿੰਗ ਜਮਾਤਾਂ ਵਿਚ ਕਰਵਾਈ ਜਾ ਰਹੀ ਮਕੈਨਿਕੀ ਢੰਗ ਦੀ ਪੜ੍ਹਾਈ ਨਾਲ ਨਹੀਂ ਦਿੱਤੀ ਜਾ ਸਕਦੀ। ਨਿਰਸੰਦੇਹ ਸਾਨੂੰ ਪੁਸਤਕਾਲਿਆਂ ਤੇ ਨਿਰਭਰ ਕਰਨਾ ਪੈਂਦਾ ਹੈ।

**1.5.3.2 ਗਿਆਨ ਪ੍ਰਾਪਤੀ**

ਇਕ ਵਧੀਆ ਤੇ ਭਰਪੂਰ ਸ਼ਖਸੀਅਤ ਲਈ ਆਪਣੇ ਆਲੇ ਦੁਆਲੇ ਦਾ ਗਿਆਨ, ਬਦਲ ਰਹੀਆਂ ਸਮਾਜਿਕ ਕਦਰਾਂ ਦੀ ਸੂਝ ਬੂਝ, ਮਨੁੱਖ ਸਭਿਆਚਾਰ ਪੱਧਰ ਦਾ ਗਿਆਨ, ਇਕ ਕੋਨੇ ਵਿਚ ਬੈਠਿਆ ਦੁਨੀਆਂ ਦੀ ਯਾਤਰਾ ਦਾ ਸਵਾਦ ਮਾਨਣਾ, ਵਿਗਿਆਨ ਮਨੋਵਿਗਿਆਨ, ਭੌਤਿਕ ਆਲਾ ਦੁਆਲਾ, ਸੰਸਾਰ ਦਾ ਫਲਸਫਾ, ਇਤਿਹਾਸ, ਕਲਚਰ, ਰਸਮ ਰਿਵਾਜ਼ ਆਦਿ ਵਿਸ਼ਿਆਂ ਦਾ ਆਪੋ ਆਪਣੀ ਰੁਚੀ ਅਨੁਸਾਰ ਡੂੰਘਾ ਅਧਿਐਨ ਜ਼ਰੂਰੀ ਲੋੜਾਂ ਹਨ। ਜੇ.ਬੀ. ਐਡਮੋਸਨ ਦੇ ਸ਼ਬਦਾਂ ਵਿਚ ਪੁਸਤਕਾਲਾ ਅਜਿਹੀ ਪ੍ਰਯੋਗਸ਼ਾਲਾ ਹੈ ਜੋ ਵਿਦਿਆਰਥੀਆਂ ਨੂੰ ਵਰਤਮਾਨ ਸਥਿਤੀਆਂ ਤੋਂ ਜਾਣੂ ਕਰਵਾ ਕੇ ਉਹਨਾਂ ਨੂੰ ਭਰਪੂਰ ਜੀਵਨ ਜੀਉਣ ਲਈ ਤਿਆਰ ਕਰਦੀ ਹੈ। ਆਪਣੀ ਜਾਣਕਾਰੀ ਵਿਚ ਵਾਧਾ ਕਰਨ ਲਈ ਮਨੁੱਖ ਕੋਲ ਕੇਵਲ ਦੋ ਹੀ ਸਾਧਨ ਹਨ। ਇਕ ਤੁਰਕੇ, ਦੂਰ ਦੁਰਾਡੇ ਸਫਰ ਕਰਕੇ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖ ਕੇ ਜਾਂ ਘਰ ਬੈਠਿਆਂ ਦੂਰ ਦੀਆਂ ਥਾਵਾਂ ਦੀ ਜਾਣਕਾਰੀ ਪੁਸਤਕਾਂ ਪੜ੍ਹਕੇ। ਪਹਿਲਾ ਸਾਧਨ ਬੜਾ ਔਖਾ, ਅਸੰਭਵ ਤੇ ਮਹਿੰਗਾ ਹੈ, ਇਤਨਾ

ਸਮਾਂ, ਇਤਨਾ ਸਫਰ ਤੇ ਇਤਨਾ ਖਰਚ ਆਮ ਵਿਅਕਤੀ ਦੇ ਵਸ ਵਿਚ ਨਹੀਂ। ਭਾਰਤ ਵਰਗੇ ਗਰੀਬ ਦੇਸ਼ ਲਈ ਤਾਂ ਇਹ ਹੋਰ ਵੀ ਔਖੀ ਗੱਲ ਹੈ। ਪੱਛਮੀ ਦੇਸ਼ਾਂ ਦੇ ਆਰਥਿਕ ਸਾਧਨ ਚੰਗੇ ਹਨ ਉਹ ਆਪਣੇ ਵਿਦਿਆਰਥੀਆਂ ਨੂੰ ਦੂਰ ਦੁਰਾਡੇ, ਸੈਰ ਸਪਾਟਿਆਂ ਤੇ ਲਿਜਾ ਸਕਦੇ ਹਨ ਪਰੰਤੂ ਸਾਡੇ ਵਿਦਿਆਰਥੀਆਂ ਲਈ ਜਾਣਕਾਰੀ ਪ੍ਰਾਪਤ ਦਾ ਅਹਿਮ ਸਾਧਨ ਕੇਵਲ ਪੁਸਤਕਾਂ ਹੀ ਹਨ। ਮਨੁੱਖੀ ਗਿਆਨ ਦਾ ਘੇਰਾ ਵਿਸ਼ਾਲ ਕਰਨਾ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਮਨੁੱਖ ਦੀ ਸੂਝ ਦਾ ਵਿਕਾਸ ਕਰਨਾ, ਮਨੁੱਖ ਨੂੰ ਸੁਚੱਜੀ ਜੀਵਨ ਜਾਂਚ ਜਿਊਣ ਦੀ ਪ੍ਰੇਰਨਾ ਤੇ ਉਤਸ਼ਾਹ ਦੇਣਾ ਚੰਗੇ ਪੁਸਤਕਾਲੇ ਦਾ ਹੀ ਕੰਮ ਹੈ।

ਪੁਸਤਕਾਲਾ ਸੰਸਾਰ ਦੇ ਗਿਆਨ ਖਜ਼ਾਨੇ ਦੀ ਚਾਬੀ ਹੈ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਅਜਿਹੀਆਂ ਪੜ੍ਹਨ ਰੁਚੀਆਂ ਹੀ ਨਹੀਂ ਹਨ ਕਿ ਉਹ ਇਸ ਖਜ਼ਾਨੇ ਦਾ ਪਤਾ ਲਗਾ ਸਕੇ। ਸਾਡੇ ਵਿਦਿਆਰਥੀਆਂ ਦੀ ਜਾਣਕਾਰੀ ਖੂਹ ਦੇ ਡੱਡੂ ਵਾਂਗ ਹੈ, ਜੋ ਕੇਵਲ ਪਾਠ ਪੁਸਤਕ ਤਕ ਹੀ ਸੀਮਿਤ ਰਹਿੰਦੇ ਹਨ। ਪੁਰਾਣੇ ਪਰੀਖਿਆ ਤੇ ਪੜ੍ਹਾਉਣ ਢੰਗਾਂ ਨੇ ਪੁਸਤਕਾਲੇ ਦੀ ਮਹਾਨਤਾ ਵਿਦਿਆਰਥੀਆਂ ਸਾਹਮਣੇ ਉਜਾਗਰ ਹੀ ਨਹੀਂ ਹੋਣ ਦਿੱਤੀ। ਮਾਤ ਬੋਲੀ ਦੀ ਜ਼ਿੰਮੇਵਾਰੀ, ਇਸ ਪੱਖ ਤੋਂ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਵਿਦਿਆਰਥੀ ਜੋ ਕੁਝ ਪੜ੍ਹਦੇ ਹਨ ਉਸ ਵਿਚੋਂ ਬਹੁਤਾ ਮਾਤ ਬੋਲੀ ਰਾਹੀਂ ਹੀ ਪੜ੍ਹਦੇ ਹਨ।

### 1.5.3.3 ਸਕੂਲ ਦੀ ਪੜ੍ਹਾਈ ਵਿਚ ਸਹਾਇਤਾ

ਇਕ ਯੋਗ ਅਧਿਆਪਕ ਜਮਾਤ ਵਿਚ ਆਪਣਾ ਪਾਠ ਪੜ੍ਹਾਉਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਉਸ ਪਾਠ ਦੀ ਜਾਣਕਾਰੀ ਦਿੰਦਾ ਹੈ ਅਤੇ ਪਾਠ ਨਾਲ ਸੰਬੰਧਿਤ ਪੁਸਤਕਾਂ ਬਾਰੇ ਦਸਦਾ ਹੈ ਤਾਂ ਜੋ ਵਿਦਿਆਰਥੀ ਉਸ ਵਿਸ਼ੇ ਬਾਰੇ ਵਧੇਰੇ ਵਾਕਫੀ ਪ੍ਰਾਪਤ ਕਰ ਸਕਣ। ਹੁਸ਼ਿਆਰ ਤੇ ਹੋਣਹਾਰ ਵਿਦਿਆਰਥੀਆਂ ਨੂੰ ਇਸ ਦਾ ਵਿਸ਼ੇਸ਼ ਲਾਭ ਪ੍ਰਾਪਤ ਹੁੰਦਾ ਹੈ। ਜਮਾਤ ਵਿਚ ਕੀਤਾ ਕੰਮ ਸਧਾਰਨ ਪੱਧਰ ਦਾ ਹੁੰਦਾ ਹੈ, ਜਿਸ ਬਾਬਤ ਉਹ ਪਹਿਲਾਂ ਹੀ ਬਹੁਤ ਕੁਝ ਜਾਣਦੇ ਹੁੰਦੇ ਹਨ। ਉਹਨਾਂ ਦੀ ਇੱਛਾ ਕੁਝ ਵਧੇਰੇ ਜਾਣਨ ਤੇ ਪੜ੍ਹਨ ਦੀ ਹੁੰਦੀ ਹੈ। ਉਹਨਾਂ ਦੀ ਇਹ ਲੋੜ ਪੁਸਤਕਾਂ ਹੀ ਪੂਰੀ ਕਰ ਸਕਦੀਆਂ ਹਨ। ਵਧੇਰੇ ਪੁਸਤਕਾਂ ਪੜ੍ਹਨ ਨਾਲ ਬੋਲੀ ਸਿੱਖਿਆ ਵਿਚ ਨਿਪੁੰਨਤਾ ਆਵੇਗੀ। ਉਨ੍ਹਾਂ ਦੀ ਵਿਚਾਰਧਾਰਾ ਵਿਸ਼ਾਲ ਹੋਵੇਗੀ, ਦਲੀਲ ਵਿਚ ਪਕਿਆਈ ਆਵੇਗੀ, ਬੋਲਣ ਅਤੇ ਲਿਖਣ ਵਿਚ ਸਰਲਤਾ ਆਵੇਗੀ, ਸ਼ਬਦਾਵਲੀ ਵਿਚ ਵਾਧਾ ਹੋਵੇਗਾ ਤੇ ਸਮੁੱਚੇ ਤੌਰ ਤੇ ਅਜਿਹੇ ਵਿਦਿਆਰਥੀਆਂ ਦੀ ਬੋਲੀ ਯੋਗਤਾ ਵਧੇਗੀ। ਇਸ ਤਰ੍ਹਾਂ ਪੁਸਤਕਾਲੇ ਦੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵਿਚ ਬੜੀ ਸਹਾਇਤਾ ਮਿਲਦੀ ਹੈ। ਕੇਵਲ ਇਕ ਪਾਠ ਪੁਸਤਕ ਤਕ ਸੀਮਤ ਰਹਿਣ ਵਾਲੇ ਵਿਦਿਆਰਥੀ ਦਾ ਗਿਆਨ ਖੇਤਰ ਬੜਾ ਤੰਗ ਰਹੇਗਾ।

### 1.5.3.4 ਵਿਹਲੇ ਸਮੇਂ ਦੀ ਵਰਤੋਂ

ਇਹ ਇਕ ਆਮ ਕਹਾਵਤ ਹੈ ਕਿ ਵਿਹਲਾ ਦਿਮਾਗ ਸ਼ੈਤਾਨ ਦਾ ਘਰ ਹੁੰਦਾ ਹੈ। ਸਕੂਲਾਂ, ਕਾਲਜਾਂ ਵਿਚ ਨੌਜਵਾਨਾਂ ਦੇ ਵਿਹਲੇ ਦਿਮਾਗ ਫਜ਼ੂਲ ਅਵਾਰਾਗਰਦੀਆਂ, ਛੇੜਖਾਨੀਆਂ, ਪ੍ਰਬੰਧਕ ਨੁਕਤਾਚੀਨੀਆਂ, ਪਰਸਪਰ ਝਗੜੇ ਤੇ ਹੁੱਲੜਬਾਜ਼ੀਆਂ ਵਿਚ ਲਗੇ ਰਹਿੰਦੇ ਹਨ। ਸਕੂਲਾਂ, ਕਾਲਜਾਂ ਵਿੱਚ ਏਨੇ ਰੁਝੇਵੇਂ ਅਸੀਂ ਉਹਨਾਂ ਨੂੰ ਦੇ ਨਹੀਂ ਸਕਦੇ ਕਿ ਉਹ ਆਪਣੇ ਆਪ ਨੂੰ ਕਿਸੇ ਉਪਯੋਗੀ ਕੰਮ ਵਿਚ ਰੁਝੇ ਰੱਖ ਸਕਣ। ਪੁਸਤਕਾਂ ਨਾਲ ਉਹਨਾਂ ਦੀ ਸਾਂਝ ਨਹੀਂ ਹੁੰਦੀ। ਜੇਕਰ ਅਸੀਂ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਚੰਗੇ ਪੁਸਤਕਾਲੇ ਦੇ ਸਕੀਏ ਤਾਂ ਉਹਨਾਂ ਦਾ ਵਿਹਲਾ ਸਮਾਂ ਸਕਾਰਥਕ ਹੋ ਸਕਦਾ ਹੈ। ਉਹ ਸਮੇਂ ਅਤੇ ਸ਼ਕਤੀ ਨੂੰ ਉਸਾਰੂ ਪਾਸੇ ਲਾ ਸਕਦੇ ਹਨ। ਪੁਸਤਕਾਂ ਨਾਲ ਪਿਆ ਹੋਇਆ ਪਿਆਰ ਜੀਵਨ ਭਰ ਦਾ ਚੋਖਾ ਸਾਥ ਤੇ ਖੁਸ਼ੀ ਦੇ ਸਕਦਾ ਹੈ। ਮਾਨਸਕ ਤੇ ਬੌਧਿਕ ਤਰਿਪਤੀ ਉਹਨਾਂ ਦੇ ਜੀਵਨ ਵਿਚ ਖੇੜਾ ਤੇ ਰਸ ਭਰ ਸਕਦੀ ਹੈ। ਸਕੂਲਾਂ, ਕਾਲਜਾਂ ਵਿੱਚ ਅਨੁਸ਼ਾਸਨ ਸੰਬੰਧੀ ਸਿਰਦਰਦੀ ਘਟ ਸਕਦੀ ਹੈ। ਸਮਾਜ ਦੀ ਚਿੰਤਾ ਦੂਰ ਹੋ ਸਕਦੀ ਹੈ।

ਸਕੂਲ ਜੀਵਨ ਦੇ ਕਈ ਚੰਗੇ ਰੁਝੇਵੇਂ ਤੇ ਸ਼ੁਗਲ ਪੁਸਤਕਾਲਿਆਂ ਤੇ ਆਧਾਰਾਤ ਕੀਤੇ ਜਾ ਸਕਦੇ ਹਨ। ਕਲਾ, ਸੰਗੀਤ, ਮਾਡਲ ਬਣਾਉਣਾ, ਫੋਟੋਗਰਾਫੀ ਆਦਿ ਕਈ ਰੁਝੇਵੇਂ ਪੁਸਤਕਾਲਿਆਂ ਤੇ ਆਧਾਰਾਤ ਕੀਤੇ ਜਾ ਸਕਦੇ ਹਨ। ਅਜਿਹੇ ਕਈ ਮਜਮੂਨ ਜਿਹਨਾਂ ਨੂੰ ਸਿਲੇਬਸ ਵਿਚ ਸਥਾਨ ਪ੍ਰਾਪਤ ਨਾ ਹੋਣ ਕਰਕੇ

ਪੜ੍ਹਾਈ ਦੇ ਵਿਸ਼ੇਸ਼ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ, ਪੁਸਤਕਾਲੇ ਦੀ ਸਹਾਇਤਾ ਨਾਲ ਪੜ੍ਹੇ ਜਾ ਸਕਦੇ ਹਨ। ਕਈ ਨਵੇਂ ਪ੍ਰਾਜੈਕਟ ਪੁਸਤਕਾਲੇ ਦੀ ਮਦਦ ਨਾਲ ਸ਼ੁਰੂ ਕੀਤੇ ਤੇ ਸਫਲਤਾ ਨਾਲ ਚਲਾਏ ਜਾ ਸਕਦੇ ਹਨ। ਇਸ ਪੱਖ ਤੋਂ ਵਿਚਾਰਿਆ ਪੁਸਤਕਾਲਾ ਕੇਵਲ ਵਿਦਿਆਰਥੀਆਂ ਦੀ ਨਿੱਤ ਦੀ ਪੜ੍ਹਾਈ ਵਿਚ ਹੀ ਮਦਦ ਨਹੀਂ ਕਰਦਾ ਸਗੋਂ ਕਈ ਪ੍ਰਕਾਰ ਦੇ ਧੰਦਿਆਂ ਰਾਹੀਂ ਉਪਯੋਗੀ ਰੁਝੇਵੇਂ ਦਿੰਦਾ ਹੈ।

**1.5.3.5 ਸੁਤੰਤਰ ਕੰਮ ਕਰਨ ਦਾ ਸੁਭਾ**

ਸਾਡੇ ਪਰੀਖਿਆ ਢੰਗ ਤੇ ਪੜ੍ਹਾਉਣ ਵਿਧੀਆਂ ਵਿਦਿਆਰਥੀਆਂ ਦੇ ਅਧਿਆਪਕ ਉੱਤੇ ਨਿਰਭਰਤਾ ਵਧਾ ਦਿੰਦਾ ਹਨ। ਹਰ ਪੱਧਰ ਦਾ ਵਿਦਿਆਰਥੀ ਬਹੁਤੀਆਂ ਪੁਸਤਕਾਂ ਪੜ੍ਹਨ ਤੋਂ ਕਤਰਾਂਦਾ ਹੈ ਅਤੇ ਅਧਿਆਪਕ ਵਲੋਂ ਲਿਖਾਏ ਗਏ ਨੋਟਸ, ਗਾਈਡ ਅਤੇ ਸਹਾਇਕ ਪੁਸਤਕਾਂ ਦੀ ਸ਼ਰਨ ਲੈਂਦਾ ਹੈ। ਉਸ ਦੀ ਨਿੱਜੀ ਸੋਚ, ਮੌਲਿਕਤਾ ਤੇ ਸਵੈ ਵਿਸ਼ਵਾਸ ਬਿਲਕੁਲ ਖ਼ਤਮ ਹੋ ਜਾਂਦੇ ਹਨ। ਇਸ ਦਾ ਕਾਰਨ ਉਹਨਾਂ ਨੂੰ ਸੁਤੰਤਰ ਸੋਚਣ ਤੇ ਸੁਤੰਤਰ ਰੂਪ ਵਿਚ ਕੰਮ ਕਰਨ ਦੇ ਅਵਸਰ ਨਾ ਦੇਣਾ ਹੈ ਲੋੜ ਇਹ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਸੀਮਿਤ ਘੇਰੇ ਵਿਚੋਂ ਕੱਢ ਕੇ ਅਧਿਆਪਕ ਦੀ ਸਹਾਇਤਾ ਤੋਂ ਬਿਨਾਂ ਸੁਤੰਤਰ ਰੂਪ ਵਿਚ ਕੰਮ ਕਰਨ ਦੀ ਜਾਂਚ ਸਿਖਾਈਏ। ਸਕੂਲ ਜੀਵਨ ਨਾਲ ਸੰਬੰਧਤ ਅਜਿਹੇ ਅਵਸਰ ਪ੍ਰਦਾਨ ਕਰੀਏ ਜਿਥੇ ਵਿਦਿਆਰਥੀਆਂ ਨੂੰ ਆਪਣੇ ਆਪ ਪੁਸਤਕਾਂ ਵਿਚੋਂ ਪੜ੍ਹਨ ਦੀ ਪ੍ਰੇਰਨਾ ਮਿਲੇ, ਪੜ੍ਹਨ ਦੀ ਰੁਚੀ ਤੇ ਖੋਜ ਉੱਤੇ ਜ਼ੋਰ ਦਿੱਤਾ ਜਾਵੇ। ਪੁਸਤਕਾਂ ਫੋਲ ਕੇ ਲੋੜੀਂਦੀ ਸਮੱਗਰੀ ਦੀ ਭਾਲ ਕਰਨੀ, ਲੋੜੀਂਦੀ ਤੇ ਬੇਲੋੜੀ ਸਮੱਗਰੀ ਦਾ ਨਿਖੇੜ ਕਰਕੇ ਨੋਟਸ ਲੈਣੇ, ਚੁਣੇ ਗਏ ਵਿਚਾਰਾਂ ਨੂੰ ਕੋਈ ਉਚਿਤ ਵਿਉਂਤ ਦੇ ਕੇ ਮੁੜ ਮੌਲਿਕ ਰੂਪ ਵਿਚ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰ ਸਕਣ ਦੀ ਯੋਗਤਾ ਪੈਦਾ ਕਰਨ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ। ਨਿਰਸੰਦੇਹ, ਅਜਿਹਾ ਕਰਨ ਨਾਲ ਅਧਿਆਪਕ ਦਾ ਕੰਮ ਵਧ ਜਾਏਗਾ। ਪਰੰਤੂ ਵਿਦਿਆਰਥੀਆਂ ਨੂੰ ਸੁਚੱਜੇ ਢੰਗ ਨਾਲ ਪੜ੍ਹਨ ਦੀ ਜਾਂਚ ਸਿਖਲਾਈ ਜਾਵੇ ਅਤੇ ਪੜ੍ਹੇ ਵਿਚਾਰਾ ਨੂੰ ਚੰਗੀ ਲਿਖਤ ਦਾ ਪਹਿਰਾਵਾ ਦੇ ਸਕਣ ਦੀ ਯੋਗਤਾ ਪੈਦਾ ਕਰਨਾ ਸਿੱਖਿਆ ਦਾ ਇਕ ਜ਼ਰੂਰੀ ਉਦੇਸ਼ ਹੈ।

**1.5.3.6 ਅਧਿਆਪਕ ਲਈ ਸਹਾਈ**

ਅਧਿਆਪਕ ਲਈ ਪੁਸਤਕਾਲਾ ਇਸ ਲਈ ਜ਼ਰੂਰੀ ਹੈ ਕਿ ਉਹ ਪੜ੍ਹਾਉਣ ਦੀ ਪੂਰੀ ਤਿਆਰੀ ਕਰ ਸਕਣ ਅਤੇ ਪਾਠ ਪੁਸਤਕਾਂ, ਹਵਾਲਾ ਪੁਸਤਕਾਂ ਅਤੇ ਪਾਠ ਪੁਸਤਕ ਸਬੰਧੀ ਹੋਰ ਪੁਸਤਕਾਂ ਪੜ੍ਹਨ ਜਿਸ ਨਾਲ ਉਹਨਾਂ ਦੀ ਯੋਗਤਾ ਵਧੇ, ਗਿਆਨ ਵਿਚ ਵਾਧਾ ਹੋਵੇ ਅਤੇ ਨਵੇਂ ਸਿੱਖਿਆ ਢੰਗ ਜਾਣ ਸਕਣ। ਪੰਜਾਬੀ ਦੀਆਂ ਨਵੀਆਂ ਸਿੱਖਿਆ ਵਿਧੀਆਂ ਨੂੰ ਕਾਰਜ ਰੂਪ ਵਿਚ ਲਿਆਉਣ ਅਤੇ ਹੋਰ ਪਾਠਾਂ ਤਕ ਕਿਰਿਆਵਾਂ ਨੂੰ ਸਫਲਤਾ ਨਾਲ ਨਿਭਾਉਣ ਲਈ ਪੁਸਤਕਾਲਾ ਜ਼ਰੂਰੀ ਹੈ, ਪਰੰਤੂ ਆਮ ਵੇਖਣ ਵਿਚ ਆਉਂਦਾ ਹੈ ਕਿ ਸਾਡੇ ਅਧਿਆਪਕ ਵੀ ਪੜ੍ਹਨ ਬਾਬਤ ਬਹੁਤ ਘੱਟ ਰੁਚੀ ਰੱਖਦੇ ਹਨ। ਉਹਨਾਂ ਦਾ ਆਪਣਾ ਘੇਰਾ ਵੀ ਪਾਠ ਪੁਸਤਕਾਂ ਤਕ ਹੀ ਸੀਮਿਤ ਰਹਿੰਦਾ ਹੈ। ਵਾਕਫੀ ਤੇ ਗਿਆਨ ਵਿਚ ਵਾਧਾ ਕਰਨ ਲਈ ਆਪਣੀ ਜਾਣਕਾਰੀ ਨੂੰ ਤਾਜ਼ਾ ਕਰਨ ਲਈ ਵਿਦਿਆਰਥੀ ਰੁਚੀਆਂ ਤੇ ਵਿਦਿਆਰਥੀ ਹਿੱਤਾਂ ਦੀ ਜਾਣਕਾਰੀ ਲਈ, ਆਪਣੇ ਸਬਕ ਨੂੰ ਵਧੇਰੇ ਪ੍ਰਭਾਵਸ਼ਾਲੀ ਤੇ ਦਿਲਚਸਪ ਬਣਾਉਣ ਲਈ ਇਹ ਬੜਾ ਜ਼ਰੂਰੀ ਹੈ ਕਿ ਅਧਿਆਪਕ ਆਪਣੀ ਪੜ੍ਹਨ ਰੁਚੀ ਨੂੰ ਕਾਇਮ ਰੱਖਣ। ਉਹਨਾਂ ਦੇ ਮਜ਼ਮੂਨ ਨਾਲ ਸੰਬੰਧਤ ਹਰ ਨਵੀਂ ਪ੍ਰਕਾਸ਼ਤ ਹੋਈ ਪੁਸਤਕ ਉਹਨਾਂ ਦੀ ਨਜ਼ਰੋਂ ਲੰਘੇ। ਬੋਲੀ ਸਿੱਖਿਆ ਖੇਤਰ ਵਿਚ ਹਰ ਨਵੀਂ ਖੋਜ ਦੇ ਸਿੱਟੇ ਉਹਨਾਂ ਤਕ ਪਹੁੰਚਣ। ਕੇਵਲ ਉਹ ਅਧਿਆਪਕ ਹੀ ਵਿਦਿਆਰਥੀਆਂ ਨੂੰ ਕੋਈ ਨਵੀਂ ਚੀਜ ਪੜ੍ਹਣ ਬਾਰੇ ਦਸ ਸਕਦਾ ਹੈ, ਉਹਨਾਂ ਨੂੰ ਪ੍ਰੇਰਨਾ ਦੇ ਸਕਦਾ ਹੈ ਜਿਸਦਾ ਨਿੱਜੀ ਅਧਿਐਨ ਖੇਤਰ ਵਿਸ਼ਾਲ ਹੋਵੇ।

**1.5.3.7 ਪੜ੍ਹਨ ਦੀ ਰੁਚੀ ਨੂੰ ਉਤੇਜਿਤ ਕਰਨਾ :**

ਪਾਠ ਪੁਸਤਕ ਨੂੰ ਪੜ੍ਹਨ ਨਾਲ ਬੱਚਿਆਂ ਦੀਆਂ ਮਾਨਸਿਕ ਤੇ ਬੌਧਿਕ ਲੋੜਾਂ ਪੂਰੀਆ ਨਹੀਂ ਹੁੰਦੀਆਂ। ਉਹ ਹੋਰ ਪੜ੍ਹਨਾ ਚਾਹੁੰਦੇ ਹਨ, ਜੇਕਰ ਉਨ੍ਹਾਂ ਨੂੰ ਆਪਣੀ ਰੁਚੀ ਅਨੁਸਾਰ ਪੁਸਤਕਾਂ ਮਿਲਣ। ਪੁਸਤਕਾਲੇ ਉਹਨਾਂ ਦੀ ਇਸ ਰੀਝ ਨੂੰ ਪੂਰਾ ਕਰਦਾ ਹੈ। ਬੱਚੇ ਅੰਦਰ ਪੜ੍ਹਨ ਰੁਚੀ ਨੂੰ ਉਤੇਜਿਤ ਕਰਨਾ ਤੇ ਉਸ ਅੰਦਰ ਪੜ੍ਹਨ-ਚੇਟਕ ਤੇ ਪੜ੍ਹਨ ਰੀਝ ਉਤਪੰਨ ਕਰਨ ਵਿੱਚ ਪੁਸਤਕਾਲੇ ਦਾ ਬਹੁਤ ਹੱਥ ਹੈ। ਗਿਆਨ ਦੇ

ਵਾਧੇ ਦੇ ਨਾਲ-ਨਾਲ ਵਿਦਿਆਰਥੀਆਂ ਦੇ ਚਿੰਤਨ ਨੂੰ ਵਿਕਸਿਤ ਕਰਨਾ ਵੀ ਭਾਸ਼ਾ ਸਿੱਖਿਆ ਦਾ ਉਦੇਸ਼ ਹੈ ਪੁਸਤਕਾਲੇ ਦੁਆਰਾ ਹੀ ਉਹਨਾਂ ਨੂੰ ਚਿੰਤਨ ਦੇ ਮੌਕੇ ਪ੍ਰਦਾਨ ਕੀਤੇ ਜਾ ਸਕਦੇ ਹਨ। ਪਾਠ ਪੁਸਤਕ ਤੋਂ ਇਲਾਵਾ ਜਦੋਂ ਵਿਦਿਆਰਥੀ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਦਾ ਵੱਡੇ ਪੱਧਰ ਤੇ ਅਧਿਐਨ ਕਰਦੇ ਹਨ ਤਾਂ ਉਹਨਾਂ ਦੀ ਚਿੰਤਨ ਪ੍ਰਵਿਰਤੀ ਪ੍ਰਫੁਲਤ ਹੁੰਦੀ ਹੈ ਤੇ ਉਹਨਾਂ ਵਿੱਚ ਪੜ੍ਹਨ ਰੁਚੀਆਂ ਵੀ ਪੈਦਾ ਹੁੰਦੀਆਂ ਹਨ।

**1.5.3.8 ਸਵੈ ਅਧਿਐਨ ਤੇ ਮੌਨ ਪਾਠ ਵਿੱਚ ਸਹਾਈ**

ਪੁਸਤਕਾਲੇ ਵਿੱਚ ਪੁਸਤਕ ਲੈ ਕੇ ਜਾਂ ਘਰ ਲੈ ਜਾ ਕੇ ਪੜ੍ਹਨ ਦੀ ਰੁਚੀ ਜਾਗਰਿਤ ਹੋਣ ਤੇ, ਵਿਦਿਆਰਥੀਆਂ ਵਿੱਚ ਸਵੈ-ਅਧਿਐਨ ਦੀ ਰੁੱਚੀ ਜਾਗਰਿਤ ਹੁੰਦੀ ਹੈ। ਉਹ ਆਪਣੀ ਮਨਚਾਹੀ ਪੁਸਤਕ ਨੂੰ ਪੜ੍ਹਕੇ ਅਧਿਐਨ ਦੀ ਆਦਤ ਦਾ ਵਿਕਾਸ ਕਰਦੇ ਹਨ। ਇਸ ਪ੍ਰਕਾਰ, ਪੁਸਤਕਾਲੇ ਦੀ ਵਰਤੋਂ ਨਾਲ ਵਿਦਿਆਰਥੀਆਂ ਵਿੱਚ ਸਵੈ-ਅਧਿਐਨ ਦੀ ਆਦਤ ਪੈਂਦੀ ਹੈ ਜੋ ਵੱਡੀਆਂ ਸ਼੍ਰੇਣੀਆਂ ਵਿੱਚ ਬਹੁਤ ਲਾਭਦਾਇਕ ਹੈ। ਭਾਸ਼ਾ ਸਿੱਖਿਆ ਵਿੱਚ ਮੋਨ ਪਾਠ ਦਾ ਬਹੁਤ ਮਹੱਤਵ ਹੈ ਇਸ ਨਾਲ ਵਿਦਿਆਰਥੀਆਂ ਦੀ ਬੋਧ ਸ਼ਕਤੀ ਦਾ ਵਿਕਾਸ ਹੁੰਦਾ ਹੈ। ਪੁਸਤਕਾਲੇ ਦੇ ਪੜ੍ਹਨ ਕਮਰੇ ਵਿੱਚ ਸ਼ਾਤੀ ਪੂਰਵਕ ਪੜ੍ਹਨ ਨਾਲ ਵਿਦਿਆਰਥੀਆਂ ਵਿੱਚ ਮੌਨ ਵਾਚਨ ਕਰਨ ਦਾ ਅਭਿਆਸ ਆਪਣੇ ਆਪ ਹੋ ਜਾਂਦਾ ਹੈ।

**1.5.3.9 ਪਾਠ ਸਹਾਇਕ ਕਿਰਿਆਵਾਂ ਲਈ ਸਹਾਇਕ :**

ਪੁਸਤਕਾਲੇ ਵਿੱਚ ਭਿੰਨ-ਭਿੰਨ ਪੁਸਤਕਾਂ ਦੇ ਅਧਿਐਨ ਦੁਆਰਾ ਵਿਦਿਆਰਥੀ, ਲੋੜੀਂਦੀ ਵਿਸ਼ਾ-ਸਾਮੱਗਰੀ ਦੀ ਚੋਣ ਕਰਕੇ, ਪਾਠ ਸਹਾਇਕ ਕਿਰਿਆਵਾਂ ਜਿਵੇਂ ਕਿ ਭਾਸ਼ਣ ਪ੍ਰਤਿਯੋਗਤਾ, ਵਾਦ-ਵਿਵਾਦ ਕਵਿਤਾ ਉਚਾਰਨ, ਨਾਟਕ ਆਦਿ ਵਿੱਚ ਸਫਲਤਾ ਪੂਰਵਕ ਭਾਗ ਲੈ ਸਕਦੇ ਹਨ। ਉਨ੍ਹਾਂ ਨੂੰ ਇਸ ਕੰਮ ਲਈ ਵਿਸ਼ਾ ਸਮੱਗਰੀ ਇਕੱਠੀ ਕਰਨ ਲਈ ਇਧਰ-ਉਧਰ ਭਟਕਣਾ ਨਹੀਂ ਪੈਂਦਾ, ਜਿਸ ਕਰਕੇ ਉਹਨਾਂ ਦਾ ਉਤਸ਼ਾਹ ਠੰਢਾ ਨਹੀਂ ਪੈਂਦਾ। ਭਾਸ਼ਾ-ਸਿੱਖਿਆ ਦੇ ਦ੍ਰਿਸ਼ਟੀਕੋਣ ਤੋਂ ਇਹ ਪਾਠ ਸਹਾਇਕ ਕ੍ਰਿਆਵਾਂ ਬਹੁਤ ਉਪਯੋਗੀ ਹਨ। ਪੁਸਤਕਾਲਾ ਭਿੰਨ-ਭਿੰਨ ਪਾਠ ਸਹਾਇਕ ਕਿਰਿਆਵਾਂ ਨੂੰ ਸਫ਼ਲ ਤੇ ਉਤਸ਼ਾਹ ਪੂਰਨ ਬਣਾਉਣ ਤੇ ਚਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਗਰੀਬ ਵਿਦਿਆਰਥੀਆਂ ਨੂੰ ਪੁਸਤਕਾਲੇ ਦਾ ਇਕ ਲਾਭ ਇਹ ਵੀ ਹੈ ਕਿ ਉਹ ਪੁਸਤਕਾਲੇ ਤੋਂ ਪੁਸਤਕਾਂ ਲੈਕੇ ਪੜ੍ਹ ਸਕਦੇ ਹਨ ਤੇ ਸਹਾਇਕ ਪੁਸਤਕਾਂ ਦਾ ਅਧਿਐਨ ਕਰ ਸਕਦੇ ਹਨ ਇਸੇ ਤਰ੍ਹਾਂ ਬਹੁਤ ਵਧੇਰੇ ਮੁੱਲ ਦੀਆਂ ਪੁਸਤਕਾਂ ਜੋ ਕਿ ਸਾਧਾਰਨ ਵਿਦਿਆਰਥੀਆਂ ਦੁਆਰਾ ਖਰੀਦੀਆਂ ਨਹੀਂ ਜਾ ਸਕਦੀਆਂ ਉਹ ਪੁਸਤਕਾਲੇ ਤੋਂ ਪ੍ਰਾਪਤ ਹੋ ਜਾਂਦੀਆਂ ਹਨ। ਪੁਸਤਕਾਲੇ ਤੋਂ ਨਾ ਕੇਵਲ ਅਧਿਆਪਕ ਤੇ ਵਿਦਿਆਰਥੀ ਹੀ ਲਾਭ ਉਠਾਉਂਦੇ ਹਨ ਸਗੋਂ ਸਮਾਜ ਦੇ ਸਾਰੇ ਵਿਅਕਤੀ ਵੀ ਇਸ ਤੋਂ ਪੁਸਤਕਾਂ ਲੈ ਕੇ ਮੰਨਰੋਜਨ ਤੇ ਗਿਆਨ ਪ੍ਰਾਪਤੀ ਕਰ ਸਕਦੇ ਹਨ। ਇਸ ਪ੍ਰਕਾਰ ਪੁਸਤਕਾਲੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਨੂੰ ਭਾਸ਼ਾ ਦੀ ਕਾਰਜਸ਼ਾਲਾ ਜਾਂ ਵਰਕਸ਼ਾਪ ਵੀ ਕਿਹਾ ਜਾ ਸਕਦਾ ਹੈ। ਇਸ ਵਿੱਚ ਵਿਦਿਆਰਥੀ ਭਾਸ਼ਾ ਦੇ ਕੌਸ਼ਲ ਸਿਖਦੇ ਹਨ ਤੇ ਨਾਲ ਹੀ ਪ੍ਰਯੋਗ ਵਿੱਚ ਵੀ ਲਿਆਉਂਦੇ ਹਨ। ਇਸੇ ਲਈ ਜਾਨ ਡਿਉਈ ਨੇ ਇਸ ਨੂੰ ਸਕੂਲ ਦਾ ਦਿਮਾਗ ਕਿਹਾ ਹੈ। ਆਪਣੇ ਗੁਣਾ ਕਰਕੇ ਸਚਮੁਚ ਪੁਸਤਕਾਲਾ ਇਸ ਕਸਵੱਟੀ ਤੇ ਪੂਰਾ ਉਤਰਦਾ ਹੈ।

**1.5.4 ਪੁਸਤਕਾਲਾ ਦਾ ਪ੍ਰਬੰਧ :**

ਪੁਸਤਕਾਲੇ ਵਿਚ ਪੁਸਤਕਾਂ ਦਾ ਸੰਗ੍ਰਹਿ ਉਨ੍ਹਾਂ ਜ਼ਰੂਰੀ ਨਹੀਂ ਜਿੰਨਾ ਕਿ ਪੁਸਤਕਾਲੇ ਦਾ ਪ੍ਰਬੰਧ ਕਿਉਂਕਿ ਸੁਚੱਜੇ ਪ੍ਰਬੰਧ ਤੋਂ ਬਿਨਾ ਪੁਸਤਕਾਂ ਦੀ ਸਹੀ ਵਰਤੋਂ ਨਹੀਂ ਹੋ ਸਕਦੀ। ਇਸ ਵਿਸ਼ੇ ਵਿਚ ਨਿਮਨ ਲਿਖਤ ਸੁਝਾਅ ਦਿੱਤੇ ਜਾਂਦੇ ਹਨ।

**1.5.4.1 ਪੁਸਤਕਾਲੇ ਦੀ ਮਹਾਨਤਾ ਸਮਝਣਾ :** ਜਦੋਂ ਤਕ ਅਸੀਂ ਕਿਸੇ ਵੀ ਵਸਤੂ ਦੀ ਮਹਾਨਤਾ ਨੂੰ ਅੱਖੋਂ ਪਰੋਖੇ ਕਰਦੇ ਹਾਂ ਉਦੋਂ ਤਕ ਅਸੀਂ ਉਸ ਵਸਤੂ ਨੂੰ ਠੀਕ ਢੰਗ ਨਾਲ ਵਰਤ ਨਹੀਂ ਸਕਦੇ। ਸਕੂਲ ਪੁਸਤਕਾਲੇ ਦੇ ਸੁਚੱਜੇ ਪ੍ਰਬੰਧ ਲਈ ਸਭ ਤੋਂ ਜ਼ਰੂਰੀ ਲੋੜ ਸਕੂਲ ਪ੍ਰਬੰਧਕਾਂ ਦੀ ਪੁਸਤਕਾਲੇ ਦੀ ਮਹਾਨਤਾ

ਤੋਂ ਜਾਣੂ ਹੋਣ ਦੀ ਹੈ। ਇਸ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਲੋੜੀਂਦੀ ਰਕਮ ਸਕੂਲ ਫੰਡ ਵਿਚੋਂ ਰਾਖਵੀਂ ਕਰਨੀ ਚਾਹੀਦੀ ਹੈ। ਆਮ ਵੇਖਣ ਵਿਚ ਆਉਂਦਾ ਹੈ ਕਿ ਪ੍ਰਾਈਵੇਟ ਸਕੂਲਾਂ ਵਿਚ ਪੁਸਤਕਾਲੇ ਨਹੀਂ ਹੁੰਦੇ, ਕਿਉਂਕਿ ਪੁਸਤਕਾਲੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੇ ਮਾਇਕ ਵਸੀਲੇ ਨਹੀਂ ਹੁੰਦੇ, ਸਰਕਾਰ ਨੂੰ ਇਸ ਵਲ ਧਿਆਨ ਦੇਣ ਦੀ ਲੋੜ ਹੈ। ਸਕੂਲ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਹੋਇਆਂ ਸਕੂਲ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਸੰਖਿਆ ਅਨੁਸਾਰ 'ਸਲਾਨਾ ਲਾਇਬਰੇਰੀ ਗਰਾਂਟ' ਦਿੱਤੀ ਜਾਣੀ ਚਾਹੀਦੀ ਹੈ ਤੇ ਇਸ ਵਿਚ ਮਿਲੀ ਹੋਈ ਗਰਾਂਟ ਦਾ ਸਹੀ ਉਪਯੋਗ ਹੋਣਾ ਚਾਹੀਦਾ ਹੈ। ਸਰਕਾਰੀ ਪ੍ਰਕਾਸ਼ਨਾ ਹਰੇਕ ਸਕੂਲ ਨੂੰ ਮੁਫਤ ਪਹੁੰਚਣੀਆਂ ਚਾਹੀਦੀਆਂ ਹਨ।

1.5.4.2 **ਪੁਸਤਕ ਚੋਣ** : ਸਾਨੂੰ ਇਹ ਗੱਲ ਕਦੇ ਵੀ ਨਹੀਂ ਭੁਲਣੀ ਚਾਹੀਦੀ ਕਿ ਸਕੂਲ ਪੁਸਤਕਾਲਾ ਵਿਸ਼ੇਸ਼ ਕਰਕੇ ਵਿਦਿਆਰਥੀਆਂ ਵਾਸਤੇ ਹੈ। ਪੁਸਤਕਾਂ ਦੀ ਚੋਣ ਬੜੀ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰਖਦੇ ਹੋਇਆਂ ਹੀ ਪੁਸਤਕਾਂ ਦੀ ਚੋਣ ਕਰਨੀ ਚਾਹੀਦੀ ਹੈ। ਪੁਸਤਕ ਚੋਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :

(i) ਪੁਸਤਕਾਂ ਵਿਦਿਆਰਥੀਆਂ ਦੀ ਮਾਨਸਿਕ ਪੱਧਰ ਦੇ ਅਨੁਕੂਲ ਹੋਣ।

(ii) ਪੁਸਤਕਾਂ ਵਿਦਿਆਰਥੀਆਂ ਦੇ ਸੁਝਾਅ ਅਤੇ ਪ੍ਰਕਿਰਤੀ ਦੇ ਅਨੁਕੂਲ ਹੋਣ ਜਿਨ੍ਹਾਂ ਵਿਚ ਵਿਦਿਆਰਥੀ ਅਥਾਹ ਰੁਚੀ ਪ੍ਰਗਟ ਕਰਨ।

(iii) ਪੁਸਤਕਾਂ ਦੀ ਭਾਸ਼ਾ ਸਰਲ ਹੋਣੀ ਚਾਹੀਦੀ ਹੈ ਤਾਂ ਜੋ ਸਕੂਲਾਂ ਦੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਉਹਨਾਂ ਨੂੰ ਅਸਾਨੀ ਨਾਲ ਪੜ੍ਹ ਸਕਣ।

(iv) ਪੁਸਤਕਾਂ ਦੀ ਛਪਾਈ ਸੁੰਦਰ, ਜਿਲਦ ਮਜ਼ਬੂਤ ਅਤੇ ਕਾਗਜ਼ ਮੋਟਾ ਹੋਣਾ ਚਾਹੀਦਾ ਹੈ, ਨਹੀਂ ਤਾਂ ਭੱਦੀ ਛਪਾਈ ਦੇ ਕਾਰਨ ਇਹ ਦਿਲਚਸਪੀ ਤੋਂ ਖਾਲੀ ਹੋ ਜਾਂਦੀਆਂ ਹਨ ਅਤੇ ਜਿਲਦ ਨਾ ਹੋਣ ਕਾਰਨ ਛੇਤੀ ਫੱਟ ਜਾਂਦੀਆਂ ਹਨ। ਪੁਸਤਕਾਂ ਵਿਚ ਰੰਗੀਨ ਚਿੱਤਰ ਵੀ ਹੋਣ। ਮੁੱਢਲੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਰੰਗੀਨ ਪੁਸਤਕਾਂ ਵਲ ਖਿੱਚੇ ਜਾਂਦੇ ਹਨ।

(v) ਕੀਮਤ : ਪੁਸਤਕਾਂ ਬਹੁਤੀਆਂ ਮਹਿੰਗੀਆਂ ਨਾ ਹੋਣ। ਵੱਡੇ ਪ੍ਰਕਾਸ਼ਕਾਂ ਤੋਂ ਪੁਸਤਕ ਸੂਚੀਆਂ ਮੰਗਵਾਉਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਵਿਚ ਦਿੱਤੇ ਗਏ ਬਾਲ ਸਾਹਿਤ ਅਤੇ ਕਿਸ਼ੋਰ ਸਾਹਿਤ ਵਿਚੋਂ ਪੁਸਤਕਾਂ ਦੀ ਚੋਣ ਕਰਨੀ ਚਾਹੀਦੀ ਹੈ। ਜੇਕਰ ਹੋ ਸਕੇ, ਆਰਡਰ ਦੇਣ ਦੀ ਥਾਂ ਪ੍ਰਕਾਸ਼ਕ ਜਾਂ ਪੁਸਤਕ ਵਿਕਰੇਤਾ ਕੋਲ ਜਾ ਕੇ ਪੁਸਤਕਾਂ ਦੀ ਚੋਣ ਕਰਨੀ ਚਾਹੀਦੀ ਹੈ।

1.5.4.3 **ਲਾਇਬਰੇਰੀ ਅਧਿਆਪਕ ਦੀ ਟਰੇਨਿੰਗ** : ਪੁਸਤਕਾਲੇ ਦੇ ਘਟੀਆ ਪ੍ਰਬੰਧ ਦਾ ਇਕ ਕਾਰਨ ਪ੍ਰਬੰਧਕਾਂ ਦਾ ਨਾ ਤਜ਼ਰਬੇਕਾਰੀ ਹੋਣਾ ਹੈ। ਵਰਤਮਾਨ ਸਥਿਤੀ ਅਨੁਸਾਰ ਹਰੇਕ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਵਿਚ ਵੱਖਰੇ ਲਾਇਬਰੇਰੀਅਨ ਦਾ ਪ੍ਰਬੰਧ ਹੋ ਸਕਣਾ ਸੰਭਵ ਨਹੀਂ ਜਾਪਦਾ। ਆਮ ਸਕੂਲਾਂ ਵਿਚ ਇਹ ਫਰਜ਼ ਅਧਿਆਪਕ ਨੂੰ ਹੀ ਨਿਭਾਉਣੇ ਪੈਂਦੇ ਹਨ। ਅਧਿਆਪਕਾਂ ਨੇ ਨਾ ਹੀ ਕੋਈ ਟ੍ਰੇਨਿੰਗ ਲਈ ਹੁੰਦੀ ਹੈ ਤੇ ਨਾ ਹੀ ਉਹਨਾਂ ਕੋਲ ਇਤਨਾ ਵਾਧੂ ਸਮਾਂ ਹੁੰਦਾ ਹੈ। ਹਰੇਕ ਅਧਿਆਪਕ ਇਸ ਨੂੰ ਇੱਕ ਵਾਧੂ ਜ਼ਿੰਮੇਵਾਰੀ ਸਮਝਦਾ ਹੈ। ਅਧਿਆਪਕਾਂ ਨੂੰ ਥੋੜ੍ਹੀ ਬਹੁਤੀ ਟਰੇਨਿੰਗ ਲਾਇਬਰੇਰੀ ਪ੍ਰਬੰਧ ਦੀ ਵੀ ਦੇਣੀ ਜ਼ਰੂਰੀ ਹੈ। ਇਹ ਕੰਮ ਟ੍ਰੇਨਿੰਗ ਕਾਲਜਾਂ ਨਾਲ ਸੰਬੰਧਿਤ ਐਕਸਟੈਨਸ਼ਨ ਸਰਵਿਸ ਵਿਭਾਗ ਰਾਹੀਂ ਜਾਂ ਸਿੱਖਿਆ ਵਿਭਾਗ ਵਲੋਂ ਕੀਤੇ ਗਏ ਕਿਸੇ ਹੋਰ ਪ੍ਰਬੰਧ ਰਾਹੀਂ ਕੀਤਾ ਜਾ ਸਕਦਾ ਹੈ। ਜੋ ਅਧਿਆਪਕ ਸਕੂਲ ਸਮੇਂ ਤੋਂ ਵਾਧੂ ਸਮਾਂ ਪੁਸਤਕਾਲੇ ਲਈ ਲਗਾਉਂਦਾ ਹੈ ਤਾਂ ਉਸ ਨੂੰ ਵਿਸ਼ੇਸ਼ ਭੱਤਾ ਮਿਲਣਾ ਚਾਹੀਦਾ ਹੈ ਤਾਂ ਕਿ ਪੁਸਤਕਾਲੇ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਹੋ ਸਕੇ।

ਪੁਸਤਕਾਲੇ ਦੇ ਦੋ ਭਾਗ ਕਰਨੇ ਚਾਹੀਦੇ ਹਨ। ਇਕ ਭਾਗ ਸਕੂਲ ਕੇਂਦਰੀ ਪੁਸਤਕਾਲਾ ਹੋਵੇਗਾ ਜਿਸ ਵਿਚ ਬਾਲ ਸਾਹਿਤ ਅਤੇ ਕਿਸ਼ੋਰ ਸਾਹਿਤ ਦੇ ਕੁਝ ਭਾਗ ਅਤੇ ਬਾਕੀਸਾਰੀ ਪਾਠ ਸਮੱਗਰੀ ਹੋਵੇਗੀ। ਇਸ ਤੋਂ ਬਿਨਾਂ ਦੂਸਰਾ ਭਾਗ, ਸ਼੍ਰੇਣੀ ਪੁਸਤਕਾਲਾ ਅਰਥਾਤ ਹਰ ਸ਼੍ਰੇਣੀ ਵਿਚ ਪੁਸਤਕਾਂ ਦੀਆਂ ਅਲਮਾਰੀਆਂ ਜਿਨ੍ਹਾਂ ਵਿਚ ਸ਼੍ਰੇਣੀ ਦੇ ਵਿਦਿਆਰਥੀਆਂ ਵਿੱਚ ਵੰਡਣ ਲਈ ਬਾਲ ਸਾਹਿਤ ਅਤੇ ਕਿਸ਼ੋਰ ਸਾਹਿਤ ਹੋਵੇਗਾ।

ਸ਼੍ਰੇਣੀ ਪੁਸਤਕਾਲੇ ਦੀਆਂ ਪੁਸਤਕਾਂ ਦਾ ਲੈਣ ਦੇਣ ਇਕ ਯੋਗ ਵਿਦਿਆਰਥੀ ਨੂੰ ਸੌਂਪਣਾ ਚਾਹੀਦਾ ਹੈ ਹਰ ਮਹੀਨੇ ਇਕ ਨਵਾਂ ਵਿਦਿਆਰਥੀ ਇਸ ਕੰਮ ਲਈ ਨਿਯਤ ਕਰਨਾ ਚਾਹੀਦਾ ਹੈ ਇਸ ਨਾਲ ਵਿਦਿਆਰਥੀ ਵਿਚ ਕੰਮ ਲਈ ਹੋੜ (ਮੁਕਾਬਲਾ, ਰੁਚੀ) ਆਰੰਭ ਹੋ ਜਾਵੇਗੀ ਅਤੇ ਉਹ ਪੁਸਤਕਾਂ ਵਿਚ ਵੀ ਵਧ ਰੁਚੀ ਵਿਖਾਉਣਗੇ। ਪੁਸਤਕਾਂ ਦੇ ਪ੍ਰਯੋਗ ਲਈ ਹਰ ਹਫਤੇ ਦੋ ਘੰਟੇ ਦਾ ਸਮਾਂ ਟਾਈਮ ਟੇਬਲ ਵਿਚ ਨਿਸ਼ਚਿਤ ਕਰਨਾ ਚਾਹੀਦਾ ਹੈ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਕੋਸ਼ ਅਤੇ ਹਵਾਲਾ ਪੁਸਤਕਾਂ ਦੀ ਵਰਤੋਂ ਬਾਰੇ ਸਿਖਲਾਈ ਦੇਵੇ। ਪੁਸਤਕਾਲਾ ਛੁੱਟੀਆਂ ਵਿਚ ਖੁੱਲ੍ਹਾ ਰਹਿਣਾ ਚਾਹੀਦਾ ਹੈ ਜਿਸ ਨਾਲ ਵਿਦਿਆਰਥੀ ਛੁੱਟੀ ਦੇ ਸਮੇਂ ਦੀ ਚੰਗੀ ਵਰਤੋਂ ਕਰ ਸਕਣ।

1.5.4.4 **ਰੀਡਿੰਗ ਰੂਮ** : ਪੁਸਤਕਾਲਾ ਇਕ ਖੁਲ੍ਹੇ ਹਾਲ ਵਿਚ ਹੋਣਾ ਚਾਹੀਦਾ ਹੈ ਜਿਥੇ ਤਾਜ਼ੀ ਹਵਾ ਤੇ ਰੋਸ਼ਨੀ ਦਾ ਠੀਕ ਪ੍ਰਬੰਧ ਹੋਵੇ। ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਬੈਠਣ ਦਾ ਪ੍ਰਬੰਧ ਹੋਵੇ। ਕੰਧਾ ਚੰਗੀਆਂ ਚੰਗੀਆਂ ਤਸਵੀਰਾਂ ਨਾਲ ਸੱਜੀਆਂ ਹੋਈਆਂ ਹੋਣ। ਫਰਸ਼ ਵੀ ਵਧੀਆ ਹੋਵੇ। ਜੇ ਹੋ ਸਕੇ ਤਾਂ ਦਰੀਆਂ ਵਿਛੀਆਂ ਹੋਣ ਤਾਂ ਜੋ ਪੈਰਾਂ ਦੀ ਅਵਾਜ਼ ਨਾ ਆਵੇ। ਅਖਬਾਰਾਂ ਤੇ ਰਸਾਲੇ ਰੱਖਣ ਦਾ ਠੀਕ ਪ੍ਰਬੰਧ ਹੋਵੇ। ਜੇ ਇਮਾਰਤ ਦੀ ਤੰਗੀ ਹੋਣ ਕਰਕੇ ਸਕੂਲ ਵਿਚ ਰੀਡਿੰਗ ਰੂਮ ਦੀ ਗੁੰਜਾਇਸ਼ ਨਾ ਹੋਵੇ ਤਾਂ ਹੋਰ ਪ੍ਰਬੰਧ ਸੋਚ ਲੈਣੇ ਚਾਹੀਦੇ ਹਨ। ਮੇਜ ਅਤੇ ਬੈਂਚ ਗਰਮੀਆਂ ਦੀ ਰੁੱਤੇ ਬਾਹਰ ਕਿਸੇ ਰੁੱਖ ਦੀ ਛਾਂ ਹੇਠ ਅਤੇ ਸਰਦੀਆਂ ਵਿਚ ਧੁੱਪ ਵਿਚ ਰੱਖ ਲੈਣੇ ਚਾਹੀਦੇ ਹਨ। ਛੁੱਟੀ ਸਮੇਂ ਉਹਨਾਂ ਨੂੰ ਸੰਭਾਲਣ ਦਾ ਕੰਮ ਵਿਦਿਆਰਥੀਆਂ ਨੂੰ ਸੌਂਪਿਆ ਜਾ ਸਕਦਾ ਹੈ।

1.5.4.5 **ਖੁਲ੍ਹਾ ਖਾਨਾ ਪ੍ਰਬੰਧ** : ਸਕੂਲ ਪੁਸਤਕਾਲੇ ਲਈ ਸਭ ਤੋਂ ਚੰਗਾ ਪ੍ਰਬੰਧ ਖੁਲ੍ਹਾ ਖਾਨਾ ਪ੍ਰਬੰਧ ਹੈ। ਕਿਸੇ ਅਲਮਾਰੀ ਨੂੰ ਕੋਈ ਜ਼ਿੰਦਰਾ ਨਾ ਲਗਾ ਹੋਵੇ। ਪੁਸਤਕਾਂ ਖਾਨਿਆਂ ਵਿਚ ਖੁਲ੍ਹੀਆਂ ਪਈਆਂ ਹੋਣ। ਵਿਦਿਆਰਥੀਆਂ ਨੂੰ ਪੂਰੀ ਖੁਲ੍ਹ ਹੋਵੇ ਕਿ ਉਹ ਆਪ ਅਲਮਾਰੀਆਂ ਵਿਚੋਂ ਪੁਸਤਕਾਂ ਵੇਖਣ ਅਤੇ ਉਹਨਾਂ ਵਿਚੋਂ ਚੋਣ ਕਰਕੇ ਆਪਣੇ ਨਾਂ ਤੇ ਕੱਢਵਾ ਸਕਣ। ਵਿਦਿਆਰਥੀ ਅੰਦਰ ਜਾਂਦੇ ਹਨ, ਖਾਨੇ ਵਿਚੋਂ ਪੁਸਤਕ ਚੁੱਕ ਕੇ ਤਤਕਰੇ ਉੱਤੇ ਨਜ਼ਰ ਮਾਰਦੇ ਹਨ, ਕੁਝ ਪਤਰੇ ਪਰਤ ਕੇ ਵੇਖਦੇ ਹਨ ਤੇ ਮੁੜ ਆਪ ਹੀ ਉਥੇ ਟਿਕਾ ਦਿੰਦੇ ਹਨ। ਇਉਂ ਆਪਣੀਆਂ ਲੋੜਾਂ ਨੂੰ ਮੁੱਖ ਰੱਖ ਕੇ ਵਿਦਿਆਰਥੀਆਂ ਵਲੋਂ ਫੋਲਾ ਫਾਲੀ ਲਈ ਜਾਵੇ ਕਿ ਪੁਸਤਕਾਂ ਉਹਨਾਂ ਦਾ ਆਪਣਾ ਵਿਰਸਾ ਹੈ ਤੇ ਇਸ ਦੀ ਸੰਭਾਲ ਦੀ ਜ਼ਿੰਮੇਵਾਰੀ ਵੀ ਉਹਨਾਂ ਦੀ ਹੈ, ਤਾਂ ਉਹ ਆਪਣੀ ਜ਼ਿੰਮੇਵਾਰੀ ਜ਼ਰੂਰ ਅਨੁਭਵ ਕਰਦੇ ਹਨ। ਸਭ ਉੱਨਤ ਦੇਸ਼ਾਂ ਦੇ ਸਕੂਲਾਂ ਵਿਚ ਇਹ ਪ੍ਰਬੰਧ ਸਫਲ ਭਲੀ ਭਾਂਤ ਚਾਲੂ ਹੈ। ਇਸ ਪ੍ਰਬੰਧ ਹੇਠ ਪਾਠਕਾਂ ਦੀ ਸਿੱਖਿਆ ਪਹਿਲਾਂ ਨਾਲੋਂ ਦੂਣੀ ਹੋ ਜਾਵੇਗੀ। ਬੰਦ ਅਲਮਾਰੀਆਂ ਵਿਚ ਅਨੇਕ ਪੁਸਤਕਾਂ ਅਛੋਹ ਪਈਆਂ ਰਹਿੰਦੀਆਂ ਹਨ। ਅਜਿਹੇ ਪ੍ਰਬੰਧ ਵਿਚ ਕੋਈ ਵਿਰਲੀ ਪੁਸਤਕ ਹੀ ਵਿਦਿਆਰਥੀਆਂ ਦੇ ਹੱਥਾਂ ਤੋਂ ਦੂਰ ਰਹੇਗੀ। ਬੱਚਿਆਂ ਨੂੰ ਪੁਸਤਕ ਭਾਲ ਕਰਨ, ਪੁਸਤਕ ਨੂੰ ਹੱਥ ਵਿਚ ਪਕੜਨ ਅਤੇ ਮੁੜ ਟਿਕਾਣੇ ਸਿਰ ਲਗਾਉਣ ਦੀ ਟ੍ਰੇਨਿੰਗ ਦੇਣੀ ਚਾਹੀਦੀ ਹੈ। ਨਵੇਂ ਪੜ੍ਹਾਈ ਢੰਗਾਂ ਦੀ ਵਰਤੋਂ ਕਰਕੇ ਪੁਸਤਕਾਲੇ ਦੀ ਵਰਤੋਂ ਵਧਾਉਣ ਚਾਹੀਦੀ ਹੈ।

1.5.4.6 **ਪੁਸਤਕਾਲੇ ਦੀ ਸਮੱਗਰੀ** :

ਸਕੂਲ ਦੇ ਇਕ ਚੰਗੇ ਪੁਸਤਕਾਲੇ ਵਿਚ ਪੰਜਾਬੀ ਦੇ ਵਿਸ਼ਿਆਂ ਵਿਚ ਹੇਠ ਲਿਖੇ ਅਨੁਸਾਰ ਪਾਠ ਸਮੱਗਰੀ ਹੋਣੀ ਚਾਹੀਦੀ ਹੈ :

(ੳ) ਹਵਾਲਾ ਪੁਸਤਕਾਂ : ਜਿਹਾ ਕਿ ਸ਼ਬਦ ਕੋਸ਼, ਮੁਹਾਵਰਾ ਕੋਸ਼, ਅਖਾਉਤ ਕੋਸ਼, ਸਮਾਨਆਰਥਕ ਸ਼ਬਦ ਕੋਸ਼, ਐਟਲਸ ਆਦਿ।

(ਅ) ਸਕੂਲ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਨਿਸ਼ਚਿਤ ਪਾਠ ਪੁਸਤਕਾਂ।

(ੲ) ਬਾਲ ਸਾਹਿਤ : ਜਿਸ ਵਿਚ ਛੋਟੇ ਬੱਚਿਆਂ ਲਈ ਉੱਚਿਤ ਕਵਿਤਾਵਾਂ, ਕਹਾਣੀਆਂ ਵਾਰਤਾਲਾਪ, ਬਾਲ ਨਾਟਕ, ਰੰਗੀਨ ਚਿੱਤਰਾਂ ਵਾਲੀਆਂ ਪੁਸਤਕਾਂ ਆਦਿ।

(ਸ) ਕਿਸ਼ੋਰ ਸਾਹਿਤ : ਜਿਹੜਾ ਮਿਡਲ ਤੇ ਹਾਈ ਸਕੂਲ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦੇ ਅਨੁਕੂਲ ਹੋਵੇ, ਜਿਵੇਂ ਸਿਹਤ ਵਿਗਿਆਨ, ਖਾਧ ਖੁਰਾਕ, ਬੱਚਤ ਦੀਆਂ ਸਕੀਮਾਂ,

ਇਤਿਹਾਸਕ ਜੀਵਣੀਆਂ, ਜਿਨਸੀ ਸਿੱਖਿਆ, ਆਦਿ ਵੱਖ-ਵੱਖ ਖੇਤਰਾਂ ਬਾਰੇ ਦੇਣ ਵਾਲੀਆਂ ਪੁਸਤਕਾਂ। ਚੰਗੀ ਪੱਧਰ ਦੀਆਂ ਸਾਹਿਤਕ ਰਚਨਾਵਾਂ ਵੀ ਬੱਚਿਆਂ ਦੇ ਹੱਥਾਂ ਵਿਚ ਦੇਣੀਆਂ ਚਾਹੀਦੀਆਂ ਹਨ। ਸਫਰਨਾਮੇ, ਬਹਾਦਰੀ ਦੇ ਕਾਰਨਾਮੇ ਸੂਰਬੀਰ ਯੋਧਿਆਂ ਦੇ ਜੀਵਨ ਸਮਾਚਾਰ, ਦੇਸ਼-ਪ੍ਰਦੇਸ਼ ਦੀਆਂ ਕਹਾਣੀਆਂ, ਪਸ਼ੂ-ਪੰਛੀਆਂ ਤੇ ਜਾਨਵਰਾਂ ਬਾਰੇ ਵਾਕਫੀ, ਖੇਡਾਂ, ਵਿਗਿਆਨਕ ਕਾਢਾਂ ਸਮਾਜਿਕ ਸੂਝ ਵਧਾਉਣ ਵਾਲੀਆਂ ਕਹਾਣੀਆਂ, ਪੁਲਾੜ ਯਾਤਰਾ, ਦੇਸ਼-ਭਗਤੀ ਦੇ ਕਾਰਨਾਮੇ ਆਦਿ ਅਨੇਕ ਪੁਸਤਕਾਂ ਕਿਸ਼ੋਰ ਵਿਦਿਆਰਥੀਆਂ ਦੀ ਦਿਲਚਸਪੀ ਦਾ ਕੇਂਦਰ ਬਣਦੀਆਂ ਹਨ।

(ਹ) ਪੰਜਾਬੀ ਸਾਹਿਤ ਦੇ ਵੱਡ ਮੁੱਲੇ ਗ੍ਰੰਥ : ਜਿਵੇਂ ਕਿ ਨਾਨਕ ਸਿੰਘ, ਭਾਸ਼ਾ ਵਿਭਾਗ ਪੰਜਾਬ ਦੀਆਂ ਪ੍ਰਕਾਸ਼ਨਾ ਆਦਿ।

(ਕ) ਆਲੋਚਨਾ ਦੀਆਂ ਪੁਸਤਕਾਂ : ਜਿਹਨਾਂ ਨਾਲ ਅਧਿਆਪਕ ਪੰਜਾਬੀ ਸਾਹਿਤ ਦੇ ਵਿਸ਼ੇ ਵਿਚ ਰਚਨਾਵਾਂ ਦੀ ਆਲੋਚਨਾ ਅਤੇ ਕਵੀਆਂ ਦੇ ਵਿਚਾਰ ਅਤੇ ਸ਼ੈਲੀਆਂ ਦਾ ਗਿਆਨ ਪ੍ਰਾਪਤ ਕਰ ਸਕਣ।

(ਗ) ਸਮਾਚਾਰ ਪੱਤਰ ਅਤੇ ਪੱਤਰਕਾਵਾਂ।

(ਘ) ਐਲਬਮ ਅਤੇ ਹੱਥੀਂ ਲਿਖੀਆਂ ਪੁਸਤਕਾਂ।

(ਙ) ਚਿੱਤਰ ਅਤੇ ਮਾਨ ਚਿੱਤਰ।

(ਚ) ਸੰਗ੍ਰਹਿਆਲਾ ਜਿਸ ਵਿਚ ਪ੍ਰਾਚੀਨ ਤੇ ਨਵੀਨ ਚਿੱਤਰਾਂ ਅਤੇ ਵਸਤੂਆਂ ਦੀ ਪ੍ਰਦਰਸ਼ਨੀ ਹੋਵੇ।

**1.5.5 ਸਕੂਲਾਂ ਵਿਚ ਪੁਸਤਕਾਲਿਆਂ ਦੀ ਮੌਜੂਦਾ ਸਥਿਤੀ :**

ਸਾਡੇ ਸਕੂਲਾਂ ਵਿਚ ਪੁਸਤਕਾਲਿਆਂ ਦੀ ਹਾਲਤ ਸੰਤੋਸ਼ਜਨਕ ਨਹੀਂ ਹੈ। ਬਹੁਤ ਸਾਰੇ ਸਕੂਲਾਂ ਵਿਚ ਤਾਂ ਪੁਸਤਕਾਲੇ ਹੈ ਹੀ ਨਹੀਂ ਅਤੇ ਜਿਥੇ ਹਨ ਉਥੇ ਵੀ ਨਾ ਮਾਤਰ। ਇਸ ਦੇ ਕਈ ਕਾਰਨ ਜਿਵੇਂ ਅਧਿਆਪਕਾਂ ਤੇ ਵਿਦਿਆਰਥੀਆਂ ਵਿਚ ਪੜ੍ਹਨ ਰੁਚੀ ਨਾ ਹੋਣਾ, ਅਧਿਆਪਕਾਂ ਤੇ ਪ੍ਰਬੰਧਕਾਂ ਦਾ ਪੁਸਤਕ ਵਲੋਂ ਕੋਰੇ ਹੋਣਾ, ਮਾਇਕ ਔਕੜਾਂ, ਪੁਸਤਕ ਚੋਣ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੀ ਅਤੇ ਪੁਸਤਕਾਲੇ ਦਾ ਘਟੀਆ ਪ੍ਰਬੰਧ।

ਵਰਤਮਾਨ ਸਿੱਖਿਆ ਪ੍ਰਬੰਧ ਹੇਠ ਪ੍ਰਾਇਮਰੀ ਸਕੂਲਾਂ ਵਿਚ ਪੁਸਤਕਾਲੇ ਦਾ ਕੋਈ ਸਥਾਨ ਨਹੀਂ। ਇਹ ਠੀਕ ਹੈ ਕਿ ਛੋਟੇ ਬੱਚਿਆਂ ਨੇ ਬਹੁਤੀਆਂ ਪੁਸਤਕਾਂ ਨਹੀਂ ਪੜ੍ਹਨੀਆਂ ਪ੍ਰੰਤੂ ਪੁਸਤਕਾਂ ਵਿਚਲੇ ਰੰਗੀਨ ਚਿੱਤਰ, ਸੁਹਣੇ ਤੇ ਦਿਲ ਖਿਚ ਟਾਈਟਲ ਬੱਚਿਆਂ ਨੂੰ ਆਪਣੇ ਵਲ ਖਿੱਚ ਲੈਂਦੇ ਹਨ। ਇਸ ਅਵਸਥਾ ਵਿਚ ਸਾਡਾ ਮੁੱਖ ਉਦੇਸ਼ ਬੱਚਿਆਂ ਨੂੰ ਪੁਸਤਕਾਂ ਰਾਹੀਂ ਗਿਆਨ ਦੇਣਾ ਨਹੀਂ ਸਗੋਂ ਉਨ੍ਹਾਂ ਦੇ ਦਿਲ ਵਿਚ ਪੁਸਤਕਾਂ ਲਈ ਪਿਆਰ ਪੈਦਾ ਕਰਨਾ ਹੈ। ਇਹ ਸਮਾਂ ਉਹਨਾਂ ਲਈ ਚੰਗੀਆਂ ਆਦਤਾਂ ਗ੍ਰਹਿਣ ਕਰਨ ਦਾ ਹੁੰਦਾ ਹੈ। ਮਿਡਲ ਅਤੇ ਹਾਈ ਸਕੂਲਾਂ ਵਿਚ ਵੀ ਅਜੇ ਤਕ ਪੁਸਤਕਾਲੇ ਦੀ ਮਹਾਨਤਾ ਨੂੰ ਪਛਾਣਿਆ ਨਹੀਂ ਗਿਆ। ਪੁਸਤਕਾਲਿਆਂ ਦੀ ਠੀਕ ਸੰਭਾਲ ਯੋਗ ਵਰਤੋਂ ਨਹੀਂ ਕੀਤੀ ਜਾਂਦੀ। ਕਿਤਾਬਾਂ ਅਲਮਾਰੀਆਂ ਵਿਚ ਬੰਦ ਪਈਆ ਰਹਿੰਦੀਆਂ ਹਨ। ਕੋਈ ਉਨ੍ਹਾਂ ਨੂੰ ਖੋਲ੍ਹ ਕੇ ਵੇਖਣ ਦੀ ਮਿੱਟੀ ਘੱਟਾ ਝਾੜਨ ਦੀ ਖੇਚਲ ਨਹੀਂ ਕਰਦਾ ਤੇ ਨਾ ਹੀ ਬੱਚਿਆਂ ਨੂੰ ਕੋਈ ਪੁਸਤਕ ਪੜ੍ਹਨ ਲਈ ਦਿੱਤੀ ਜਾਂਦੀ ਹੈ। ਸਕੂਲ ਦਾ ਇਕ ਅਧਿਆਪਕ ਇਸ ਦਾ ਇੰਚਾਰਜ ਬਣਾਇਆ ਹੁੰਦਾ ਹੈ ਜੋ ਉਸ ਅਲਮਾਰੀ ਦੀ ਚਾਬੀ ਸੰਭਾਲਣ ਤੋਂ ਬਿਨਾਂ ਕੁਝ ਨਹੀਂ ਕਰਦਾ। ਸਕੂਲਾਂ ਦਾ ਵਾਤਾਵਰਣ ਅਜਿਹਾ ਹੈ ਕਿ ਵਿਦਿਆਰਥੀ ਪਾਠ ਪੁਸਤਕਾਂ ਤੋਂ ਬਿਨਾਂ ਕਿਸੇ ਹੋਰ ਕਿਤਾਬ ਨੂੰ ਪੜ੍ਹਨ ਬਾਬਤ ਸੋਚ ਹੀ ਨਹੀਂ ਸਕਦੇ। ਬੱਚਿਆਂ ਦੀਆਂ ਲੋੜਾਂ ਤੇ ਰੁੱਚੀਆਂ ਨੂੰ ਮੁੱਖ ਰੱਖਕੇ ਪੁਸਤਕਾਂ ਨਹੀਂ ਖਰੀਦੀਆਂ ਜਾਂਦੀਆਂ। ਇਉਂ ਬਿਨਾਂ ਕਿਸੇ ਮਨੋਰਥ ਦੇ ਕਿਤਾਬਾਂ ਦੇ ਇਕੱਠੇ ਹੋਏ ਢੇਰ ਨੂੰ ਅਸੀਂ ਪੁਸਤਕਾਲਾ ਨਹੀਂ ਕਹਿ ਸਕਦੇ। ਸਹੀ ਅਰਥਾਂ ਵਿਚ ਇਕ ਜਿਉਂਦੀ ਜਾਗਦੀ ਲਾਇਬਰੇਰੀ ਉਹੋ ਹੀ ਹੈ, ਜੋ ਵਰਤੋਂ ਵਿਚ ਆਉਂਦੀ ਰਹੇ, ਕਿਤਾਬਾਂ ਇਕੱਠੀਆਂ ਕਰਕੇ ਛੱਡਣ ਦਾ ਕੋਈ ਅਰਥ ਨਹੀਂ।

ਅਸੀਂ ਦੇਖਦੇ ਹਾਂ ਕਿ ਪੁਸਤਕਾਲੇ ਦੇ ਤਿੰਨ ਖੁਲ੍ਹੇ ਉਦੇਸ਼ ਹਨ। ਬੱਚਿਆਂ ਨੂੰ ਮਾਤ ਭਾਸ਼ਾ ਦੀ ਸਿੱਖਿਆ ਵਿਚ ਸਹਾਇਤਾ ਅਰਥਾਤ ਮਾਤ ਭਾਸ਼ਾ ਦੀ ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ, ਸਾਹਿਤ ਪ੍ਰਤੀ ਪਿਆਰ ਅਤੇ ਨਵੇਂ ਗਿਆਨ ਦਾ ਪ੍ਰਸਾਰਨ। ਇਸ ਕਾਰਨ ਪੁਸਤਕਾਲਾ ਸਕੂਲ ਤੇ ਸਮਾਜ ਦਾ ਸੇਵਕ ਹੈ। ਇਸ ਦਾ ਵਾਯੂਮੰਡਲ ਸ਼ਾਂਤ, ਪ੍ਰੇਰਕ ਅਤੇ ਆਦਰਸ਼ਕ ਹੋਣਾ ਚਾਹੀਦਾ ਹੈ। ਇਸ ਵਾਸਤੇ ਇਕ ਕੋਨਾ ਅਜਿਹਾ ਹੋਵੇ ਜਿਥੇ ਕੋਈ ਅਧਿਆਪਕ, ਕੋਈ ਬਾਹਰ ਦਾ ਵਿਦਵਾਨ ਅਤੇ ਕੋਈ ਵਿਦਿਆਰਥੀ ਬੈਠ ਕੇ ਪੁਸਤਕ ਪੜ੍ਹ ਸਕੇ ਅਤੇ ਉਸ ਤੋਂ ਕੁਝ ਗ੍ਰਹਿਣ ਕਰ ਸਕੇ। ਸ਼ੋਰ ਹੋਣਾ, ਪੁਸਤਕਾਲੇ ਦਾ ਬੰਦ ਰਹਿਣਾ, ਪੁਸਤਕਾਲੇ ਦੇ ਲੈਣ ਦੇਣ ਵਿਚ ਅਸਹਾਇਕ ਹੋਣਾ ਆਦਿ ਉਦੇਸ਼ਾਂ ਦੀ ਪੂਰਤੀ ਵਿਚ ਰੁਕਾਵਟਾਂ ਪਾਉਂਦਾ ਹੈ। ਕਿਸ਼ੋਰ ਅਵਸਥਾ ਵਿੱਚ ਵਿਦਿਆਰਥੀ ਦੀ ਇਤਨੀ ਯੋਗਤਾ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਮੋਨ ਪਾਠ ਨਾਲ ਪੁਸਤਕਾਲਾ ਦੀ ਬੜੀ ਸਹਾਇਤਾ ਕਰਦਾ ਹੈ। ਸ਼੍ਰੇਣੀ ਵਿਚ ਵੀ ਅਧਿਆਪਕ ਹਫਤੇ ਵਿਚ ਇੱਕ ਵਾਰ ਮੋਨ-ਪਾਠ ਜ਼ਰੂਰ ਕਰਵਾਏ ਪਰ ਵਿਅਕਤੀਗਤ ਮੋਨ-ਪਾਠ ਲਈ ਜਾਂ ਸੁਤੰਤਰ ਅਧਿਐਨ ਲਈ ਸ਼ਾਂਤੀ ਜ਼ਰੂਰੀ ਹੈ ਜੋ ਕੇਵਲ ਪੁਸਤਕਾਲੇ ਵਿਚ ਹੀ ਮਿਲ ਸਕਦੀ ਹੈ। ਇਸ ਕਾਰਨ ਪੁਸਤਕਾਲੇ ਵਿਚ ਪੁਸਤਕਾਂ ਦਾ ਝਟਪਟ ਲੈਣ ਦੇਣ ਕਰਨਾ ਅਤੇ ਸ਼ਾਂਤੀ ਮੰਡਲ ਸਥਾਪਿਤ ਕਰਨਾ ਬਹੁਤ ਜ਼ਰੂਰੀ ਹੈ। ਵਿਸ਼ੇਸ਼ ਕਰਕੇ ਵਿਦਿਆਰਥੀਆਂ ਲਈ ਜਿਹਨਾਂ ਦੀ ਮੋਨ ਪਾਠ ਦੀ ਆਦਤ ਨਾ ਕੇਵਲ ਬਣਾਉਣੀ ਹੈ ਪਰ ਪੱਕੀ ਵੀ ਕਰਨੀ ਹੈ।

**1.5.6 ਪੁਸਤਕਾਲਾ ਵਿੱਚ ਸੁਧਾਰ ਲਿਆਉਣ ਲਈ ਸੁਝਾਅ :**

ਪੁਸਤਕਾਲੇ ਦਾ ਸਹੀ ਉਪਯੋਗ ਉਸ ਵਿਚੋਂ ਪੁਸਤਕਾਂ ਲੈ ਕੇ ਪੜ੍ਹਨ ਨਾਲ ਹੀ ਹੋ ਸਕਦਾ ਹੈ। ਵਰਤੋਂ ਤੋਂ ਬਿਨਾ ਇਹ ਸਿਰਫ ਪੁਸਤਕਾਂ ਦਾ ਇੱਕ ਸਟੋਰ ਜਾਂ ਫਿਰ ਢੇਰ ਹੀ ਹੁੰਦਾ ਹੈ। ਪੁਸਤਕਾਂ ਇਕੱਠੀਆਂ ਕਰਕੇ ਅਲਮਾਰੀਆਂ ਵਿੱਚ ਬੰਦ ਕਰਕੇ ਰੱਖਣ ਦਾ ਕੋਈ ਲਾਭ ਨਹੀਂ। ਭਾਸ਼ਾ ਦਾ ਵਿਕਾਸ ਪੁਸਤਕਾਲੇ ਤੋਂ ਬਿਨਾ ਹੋ ਹੀ ਨਹੀਂ ਸਕਦਾ। ਇਸ ਲਈ ਹਰੇਕ ਸਕੂਲ ਚਾਹੇ ਉਹ ਪ੍ਰਾਇਮਰੀ ਹੀ ਹੋਵੇ ਇਸ ਵਿੱਚ ਪੁਸਤਕਾਲਾ ਜ਼ਰੂਰੀ ਹੋਣਾ ਚਾਹੀਦਾ ਹੈ। ਇਸ ਦੇ ਸੁਧਾਰ ਲਈ ਸਾਨੂੰ ਹੇਠ ਲਿਖੇ ਯਤਨ ਕਰਨੇ ਚਾਹੀਦੇ ਹਨ :

(i) ਹਰੇਕ ਸਕੂਲ ਵਿੱਚ ਪੁਸਤਕਾਲੇ ਦੀ ਵਿਵਸਥਾ ਹੋਣੀ ਚਾਹੀਦੀ ਹੈ। ਹਰੇਕ ਸਿੱਖਿਆ ਪੱਧਰ ਉੱਤੇ ਵਿਦਿਆਰਥੀਆਂ ਦੇ ਆਪਣੇ ਸ਼ੋਕ ਤੇ ਲੋੜਾਂ ਹੁੰਦੀਆਂ ਹਨ ਉਸੇ ਅਨੁਸਾਰ ਪੁਸਤਕਾਲੇ ਵਿੱਚ ਕਿਤਾਬਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ।

(ii) ਸਕੂਲਾਂ ਦੇ ਪ੍ਰਬੰਧਕਾਂ ਤੇ ਅਧਿਕਾਰੀਆਂ ਨੂੰ ਪੁਸਤਕਾਂ ਦੇ ਮਹੱਤਵ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

(iii) ਜਿਸ ਅਧਿਆਪਕ ਦਾ ਨਿਜੀ ਅਧਿਐਨ-ਖੇਤਰ ਵਿਸ਼ਾਲ ਤੇ ਵਿਆਪਕ ਹੋਵੇਗਾ, ਕੇਵਲ ਉਹੀ ਆਪਣੇ ਵਿਦਿਆਰਥੀਆਂ ਨੂੰ ਕੋਈ ਨਵੀਂ ਚੀਜ਼ ਪੜਨ ਲਈ ਕਹਿ ਸਕਦਾ ਹੈ।

(iv) ਹਰੇਕ ਸਕੂਲ ਨੂੰ ਸਰਕਾਰ ਵਲੋਂ ਪੁਸਤਕਾਲਾ ਖੋਲਣ ਲਈ ਗ੍ਰਾਂਟਾ ਮਿਲਣੀਆਂ ਚਾਹੀਦੀਆਂ ਹਨ।

(v) ਪੁਸਤਕਾਲੇ ਦੇ ਠੀਕ ਪ੍ਰਬੰਧ ਲਈ ਉਹ ਵਿਅਕਤੀ ਹੀ ਨਾਮਜ਼ਦ ਕੀਤਾ ਜਾਵੇ ਜਿਸਨੇ ਲਾਇਬਰੇਰੀ ਸਾਇੰਸ ਵਿੱਚ ਪੜ੍ਹਾਈ ਕੀਤੀ ਹੋਵੇ।

(vi) ਸਮੇਂ-ਸਮੇਂ ਤੇ ਲਾਈਬਰੇਰੀ ਅਧਿਆਪਕ ਨੂੰ ਵਰਕਸ਼ਾਪ ਜਾਂ ਰੀਫਰੈਸ਼ਰ ਕੋਰਸਾਂ ਤੇ ਵੀ ਭੇਜਣਾ ਚਾਹੀਦਾ ਹੈ।

(vii) ਇਕ ਵਧੀਆਂ ਪੁਸਤਕਾਲੇ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਸ ਵਿੱਚ ਉਪਯੁਕਤ ਪੁਸਤਕਾਂ ਹੋਣ। ਇਸ ਲਈ ਪੁਸਤਕਾਂ ਦੀ ਚੋਣ ਬੜੀ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ। ਇਹ ਉਚਿੱਤ ਮੁੱਲ, ਬੱਚਿਆਂ ਦੇ ਮਾਨਸਿਕ ਪੱਧਰ ਅਨੁਕੂਲ ਹੋਣੀਆਂ ਚਾਹੀਦੀਆਂ ਹਨ।

(viii) ਪੁਸਤਕਾਲੇ ਦਾ ਕਮਰਾ ਵਖਰੇ ਦੇ ਨਾਲ ਉਚਿਤ ਰੋਸ਼ਨੀ ਵਾਲਾ, ਹਵਾ ਤੇ ਬੈਠਣ ਦੇ ਯੋਗ ਪ੍ਰਬੰਧਾਂ ਵਾਲਾ ਹੋਣਾ ਚਾਹੀਦਾ ਹੈ ਇਸ ਵਿੱਚ ਵਿਦਵਾਨਾਂ, ਲੇਖਕਾਂ ਦੀਆਂ ਤਸਵੀਰਾਂ ਲੱਗੀਆਂ

ਹੋਣੀਆਂ ਚਾਹੀਦੀਆਂ ਹਨ ਅਤੇ ਵਾਤਾਵਰਣ ਪੜ੍ਹਨ ਵਾਲਾ ਹੋਣਾ ਚਾਹੀਦਾ ਹੈ।

(ix) ਪੁਸਤਕਾਲੇ ਵਿੱਚ ਪੁਸਤਕਾਂ ਲਈ ਸ਼ੀਸ਼ੇ ਵਾਲੀਆਂ ਅਲਮਾਰੀਆਂ, ਅਖ਼ਬਾਰਾਂ ਤੇ ਰਸਾਲਿਆਂ ਦੇ ਰੱਖਣ ਲਈ ਵਿਸ਼ੇਸ਼ ਡੈਸਕ, ਪੁਸਤਕਾਲੇ ਇੰਚਾਰਜ, ਅਧਿਆਪਕਾਂ ਤੇ ਬੱਚਿਆਂ ਦੇ ਲਈ ਅਲਗ-ਅਲਗ ਥਾਂ ਆਦਿ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

(x) ਪੁਸਤਕਾਲੇ ਵਿੱਚ ਜੇਕਰ ਖੁਲਾ ਖਾਨਾ ਪ੍ਰਬੰਧ ਹੋਵੇਗਾ ਤਾਂ ਵਿਦਿਆਰਥੀ ਆਪ ਪੁਸਤਕ ਦੇਖ ਕੇ ਉਸਦੀ ਚੋਣ ਕਰ ਸਕਣਗੇ।

(xi) ਵਿਦਿਆਰਥੀਆਂ ਦੀ ਰੁੱਚੀ ਤੋਂ ਬਿਨਾ ਇੱਕ ਚੰਗਾ ਪੁਸਤਕਾਲਾ ਪੁਸਤਕਾਂ ਦਾ ਢੇਰ ਬਣ ਕੇ ਰਹਿ ਜਾਂਦਾ ਹੈ ਇਸ ਲਈ ਅਧਿਆਪਕ ਨੂੰ ਬੱਚਿਆਂ ਅੰਦਰ ਪੁਸਤਕਾਲੇ ਨੂੰ ਵਰਤਣ ਦੀ ਰੁੱਚੀ ਪੈਦਾ ਕਰਨੀ ਚਾਹੀਦੀ ਹੈ।

**1.5.7 ਸਾਰ :**

ਪੁਸਤਕਾਲੇ ਦਾ ਮੁੱਖ ਉਦੇਸ਼ ਬੱਚਿਆਂ ਦੀ ਸਿੱਖਿਆ ਦੀ ਪੂਰਤੀ ਦਾ ਸਹਾਇਕ ਸਾਧਨ ਬਣਾਉਣਾ ਹੈ। ਅਧਿਆਪਕ ਬੱਚਿਆਂ ਦੇ ਸਿੱਖਿਆਕਾਰ ਹਨ, ਇਸ ਲਈ ਸਿੱਖਿਆ ਸੰਬੰਧੀ ਉਹਨਾਂ ਨੂੰ ਸਹਾਇਤਾ ਦੇ ਸਾਧਨ ਚਾਹੀਦੇ ਹਨ, ਜੋ ਉਹ ਪੁਸਤਕਾਲੇ ਤੋਂ ਹੀ ਲੈ ਸਕਦੇ ਹਨ। ਪਰ ਅਧਿਆਪਕ ਵਿਦਵਾਨ ਹੁੰਦੇ ਹਨ, ਇਸ ਲਈ ਉਹਨਾਂ ਨੂੰ ਆਪਣੀ ਪੱਧਰ ਅਨੁਸਾਰ ਪੜ੍ਹਨ ਲਈ ਪੁਸਤਕਾਂ ਚਾਹੀਦੀਆਂ ਹਨ, ਜੋ ਉਹਨਾਂ ਦੀ ਵਿਦਿਅਕ ਹੋਂਦ ਨੂੰ ਸੁਰਜੀਤ ਰੱਖਣ ਅਤੇ ਵਿਵਸਾਇਕ ਸੰਵ੍ਰਿਧੀ ਲਈ ਸਾਧਨ ਬਣ ਸਕਣ। ਹਰੇਕ ਸਕੂਲ ਕਾਲਜ ਨੂੰ ਸਰਕਾਰ ਵੱਲੋਂ ਪੁਸਤਕਾਲੇ ਦੇ ਅਧਿਆਪਨ ਭਾਗ ਨੂੰ ਪ੍ਰਫੁੱਲਤ ਕਰਨ ਲਈ ਗ੍ਰਾਂਟਾਂ ਮਿਲਣੀਆਂ ਚਾਹੀਦੀਆਂ ਹਨ। ਇਕ ਚੰਗਾ ਪੁਸਤਕਾਲਾ ਹੀ ਅਧਿਆਪਕਾਂ ਦੀ ਯੋਗਤਾ ਅਤੇ ਤਜ਼ਰਬੇ ਵਿਚ ਵਾਧਾ ਕਰ ਸਕਦਾ ਹੈ। ਅਧਿਆਪਕਾਂ ਦੀ ਆਰਥਿਕ ਹਾਲਤ ਅਜੇ ਇੰਨੀ ਚੰਗੀ ਨਹੀਂ ਕਿ ਉਹ ਲੋੜ ਮੁਤਾਬਕ ਪੁਸਤਕਾਂ ਖਰੀਦ ਕੇ ਪੜ੍ਹ ਸਕਣ। ਇਸ ਲਈ ਪੁਸਤਕਾਲੇ ਦੀ ਵਰਤੋਂ ਨਾਲ ਇੱਕ ਅਧਿਆਪਕ ਆਪਣੇ ਪਾਠ ਵਿਚ ਜਾਨ ਪਾ ਸਕਦਾ ਹੈ। ਜੇਕਰ ਪ੍ਰੀਖਿਆ ਢੰਗਾਂ ਵਿਚ ਥੋੜਾ ਜਿਹਾ ਪਰਿਵਰਤਨ ਲਿਆ ਕੇ ਅਧਿਆਪਕ ਨੂੰ ਸਿਲੇਬਸ ਦੀਆਂ ਜਕੜਾਂ ਤੋਂ ਮੁਕਤ ਕਰ ਦਿੱਤਾ ਜਾਵੇ, ਤਾਂ ਸਮੁੱਚੀ ਸਿੱਖਿਆ ਦਾ ਨਿਸ਼ਾਨਾ ਬਦਲ ਸਕਦਾ ਹੈ। ਰੱਟਾ ਲਾਉਣ ਤੇ ਘਟੀਆ ਬਾਜ਼ਾਰੀ ਗਾਈਡਾਂ ਤੋਂ ਛੁਟਕਾਰਾ ਹੋ ਸਕਦਾ ਹੈ।

ਆਮ ਜਨਤਾ ਨੂੰ ਵੀ ਵਧ ਰਹੇ ਆਮ ਤੇ ਵਿਵਸਾਇਕ ਗਿਆਨ ਦੀ ਲੋੜ ਹੁੰਦੀ ਹੈ। ਕਿਸੇ ਦਾ ਡੇਅਰੀ ਫਾਰਮ ਹੈ, ਕਿਸੇ ਦਾ ਮੁਰਗੀ ਖਾਨਾ ਹੈ, ਕੋਈ ਖੇਤੀ ਦੇ ਨਵੇਂ ਤਜ਼ਰਬੇ ਕਰਨਾ ਚਾਹੁੰਦਾ ਹੈ, ਕੋਈ ਵਿਦੇਸ਼ੀ ਤਜ਼ਰਬਿਆਂ ਦੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦਾ ਹੈ, ਕੋਈ ਭਾਰਤੀ ਯੂਨੀਵਰਸਿਟੀਆਂ ਦੀਆਂ ਖੋਜਾਂ ਦੀਆਂ ਪੁਸਤਕਾਂ ਪੜ੍ਹਨਾ ਚਾਹੁੰਦਾ ਹੈ ਤੇ ਉਹਨਾਂ ਦੀ ਪਹੁੰਚ ਜ਼ਿਲ੍ਹੇ ਦੀ ਪੁਸਤਕਾਲਿਆਂ ਤੱਕ ਨਹੀਂ ਹੁੰਦੀ ਤਾਂ ਇਹ ਲੋਕ ਆਪਣੇ ਪਿੰਡ ਦੇ ਸਕੂਲ ਵਿਚੋਂ ਹੀ ਅਜਿਹੀ ਸਹਾਇਤਾ ਲੈ ਸਕਦੇ ਹਨ। ਪੁਸਤਕਾਲਾ ਸਕੂਲ ਸਮੇਂ ਤੇ ਪਿੱਛੋਂ ਆਮ ਜਨਤਾ ਦੀ ਵਰਤੋਂ ਵਿਚ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਸਕੂਲ ਅਤੇ ਸਮਾਜ ਨੂੰ ਇਕ ਦੂਜੇ ਦੇ ਨੇੜੇ ਆਉਣ ਦਾ ਅਵਸਰ ਪ੍ਰਾਪਤ ਹੁੰਦਾ ਹੈ। ਅਜਿਹੇ ਸਕੂਲਾਂ ਨੂੰ ਸਰਕਾਰ ਵੱਲੋਂ ਜਾਂ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਵਿਸ਼ੇਸ਼ ਗ੍ਰਾਂਟ ਦਿੱਤੀ ਜਾ ਸਕਦੀ ਹੈ। ਸਕੂਲ ਪੁਸਤਕਾਲੇ ਨੂੰ ਵਧੇਰੇ ਅਮੀਰ ਕਰਨ ਲਈ ਉਸਦਾ ਸੰਬੰਧ ਕਿਸੇ ਕੇਂਦਰੀ ਪੁਸਤਕਾਲੇ ਨਾਲ ਜੋੜ ਦੇਣਾ ਚਾਹੀਦਾ ਹੈ, ਜਿੱਥੋਂ ਪੁਸਤਕਾਂ ਉਧਾਰੀਆਂ ਆਉਂਦੀਆਂ ਤੇ ਵਾਪਸ ਹੁੰਦੀਆਂ ਰਹਿਣ। ਸ਼ਹਿਰਾਂ ਵਿਚ ਇਹ ਪ੍ਰਬੰਧ ਸੌਖਾ ਹੀ ਹੋ ਸਕਦਾ ਹੈ। ਸਾਰੇ ਸਥਾਨਕ ਸਕੂਲ ਜ਼ਿਲ੍ਹਾ ਪੱਧਰ ਦੀ ਲਾਇਬ੍ਰੇਰੀ ਦੇ ਅੰਗ ਬਣ ਸਕਦੇ ਹਨ।

**1.5.8 ਅਭਿਆਸ ਲਈ ਪ੍ਰਸ਼ਨ :**

1. ਪੰਜਾਬੀ ਪੁਸਤਕਾਲੇ ਦੀ ਕੀ ਲੋੜ ਹੈ ? ਇਸਦਾ ਪ੍ਰਬੰਧ ਤੁਸੀਂ ਕਿਵੇਂ ਕਰੋਗੇ?
2. ਲਾਇਬਰੇਰੀ ਦੀ ਮਾਤ ਭਾਸ਼ਾ ਵਿਚ ਕੀ ਥਾਂ ਹੈ?

3. ਵਿਦਿਆਰਥੀਆਂ ਨੂੰ ਲਾਇਬਰੇਰੀ ਦੀਆਂ ਪੁਸਤਕਾਂ ਪੜ੍ਹਨ ਲਈ ਕਿਵੇਂ ਲਾਇਆ ਜਾਵੇ ?
4. 'ਪੁਸਤਕਾਲਾ ਭਾਸ਼ਾ ਸਿੱਖਿਆ ਦੀ ਵਰਕਸ਼ਾਪ ਹੁੰਦੀ ਹੈ?' ਸਪਸ਼ਟ ਕਰੋ?
5. ਪੁਸਤਕਾਲਾ ਦੀ ਵਰਤਮਾਨ ਸਥਿਤੀ ਕੀ ਹੈ ਇਸ ਵਿੱਚ ਕੀ ਸੁਧਾਰ ਦੇ ਯਤਨ ਕਰੋਗੇ।

**1.5.9 ਸੁਝਾਈਆਂ ਪੁਸਤਕਾਂ**

1. ਮਾਤਾ ਭਾਸ਼ਾ ਦੀ ਸਿੱਖਿਆ : ਆਰ.ਐਨ. ਸਫਾਇਆ, ਆਰ.ਐਸ. ਮਾਂਗਟ
2. ਮਾਤ-ਭਾਸ਼ਾ ਦੀ ਸਿੱਖਿਆ ਵਿਧੀ : ਡਾ. ਜਸਵੰਤ ਸਿੰਘ ਜਸ
3. ਪੰਜਾਬੀ ਭਾਸ਼ਾ ਦਾ ਅਧਿਅਨ : ਇੰਦਰ ਦੇਵ ਨੰਦਰਾ